ਭਾਰਤ ਦਾ ਇੱਕੋ-ਇੱਕ ਹਫਤਾਵਾਰੀ
ਪੰਜਾਬੀ ਖੇਤੀਬਾੜੀ ਅਖਬਾਰ

Rs.10/-

# ਖੇਤੀ ਦੁਨੀਆਂ

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 01-08-2026 • Vol.44 No.31 • M. 90410-14575 • Page 16

E-mail : khetiduniyan1983@gmail.com



Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 I 9216103075 I 9216103069



# ਝੋਨਾ ਉਤਪਾਦਕ ਕਿਸਾਨਾਂ ਦੀ ਪਹਿਲੀ ਪਸੰਦ

KRISHAJ
ਜੜ੍ਹਾਂ ਨਾਲ ਜੁੜੀ - ਇੱਕ ਜੋਰ ਬਣੀ

## 'ਕ੍ਰਿਸ਼ਜ਼ ਬ੍ਰਾਂਡ' ਦੇ ਭਰੋਸੇਯੋਗ ਸਮਾਧਾਨ

ਜਦੋਂ ਫ਼ਸਲ ਨੂੰ ਮਿਲੇ ਮਜ਼ਬੂਤ ਆਧਾਰ, ਜ਼ਰੂਰੀ ਪੋਸ਼ਣ ਅਤੇ ਸਮਾਂ ਰਹਿੰਦੇ ਕੀੜਿਆਂ-ਰੋਗਾਂ ਤੋਂ ਪ੍ਰਭਾਵਸ਼ਾਲੀ ਸੁਰੱਖਿਆ, ਤਾਂ ਹਰ ਖੇਤ ਵਿੱਚ ਝੋਨੇ ਦੀ ਫ਼ਸਲ ਖੁਸ਼ੀਆਂ ਨਾਲ ਲਹਿਰਾਏਗੀ




ਇਸ ਝੋਨੇ ਦੇ ਸੀਜ਼ਨ, ਹਰ ਖੇਤ ਵਿੱਚ ਭਰਪੂਰ ਉਪਜ ਦਾ ਵਿਸ਼ਵਾਸ

ਸਕੈਨ ਕਰੋ ਅਤੇ ਸਾਡੇ ਹੋਰ ਉਤਪਾਦਾਂ ਨੂੰ ਦੇਖੋ।

**ਕ੍ਰਿਸ਼ੀ ਰਸਾਇਣ ਐਕਸਪੋਰਟਸ ਪ੍ਰਾਈਵੇਟ ਲਿਮਟਿਡ**
1115, ਹੇਮਕੁੰਟ ਟਾਵਰ, 98, ਨਹਿਰੂ ਪਲੇਸ, ਨਵੀਂ ਦਿੱਲੀ-110019
ਵੈਬਸਾਈਟ : www.krepl.in | ਈਮੇਲ : krepl.delhi@krepl.in

ਵਧੇਰੇ ਜਾਣਕਾਰੀ ਲਈ ਕ੍ਰਿਸ਼ਜ਼ ਨਾਲੇਜ ਕੇਂਦਰ **1800-572-5065** 'ਤੇ ਸੰਪਰਕ ਕਰੋ।
Follow us on: @krishirasayan73

# ਪੰਜਾਬ ਦੀ ਖੇਤੀ ਬਾਰੇ ਸੋਚਣ ਦੀ ਲੋੜ

**ਆਪ ਸਰਕਾਰ ਨੇ ਵੀ ਕਿਸਾਨ ਕਮਿਸ਼ਨ ਦੇ ਮੁੱਖੀ ਡਾ. ਸੁਖਪਾਲ ਸਿੰਘ ਹੋਰਾਂ ਦੀ ਅਗਵਾਈ ਹੇਠ ਨਵੀਂ ਖੇਤੀ ਨੀਤੀ ਬਣਾਉਣ ਲਈ ਕਮੇਟੀ ਬਣਾਈ। ਇਸ ਕਮੇਟੀ ਨੇ ਵੀ ਬਹੁਤ ਮਿਹਨਤ ਕਰਕੇ ਰਿਪੋਰਟ ਤਿਆਰ ਕਰਕੇ ਸਰਕਾਰ ਦੇ ਹਵਾਲੇ ਕੀਤੀ। ਸਰਕਾਰ ਦਾ ਆਖਰੀ ਵਰ੍ਹਾ ਚੱਲ ਰਿਹਾ ਹੈ ਪਰ ਉਸ ਨੂੰ ਵੀ ਹਵਾ ਨਹੀਂ ਲਗਵਾਈ ਗਈ। ਨਵੀਂ ਸਰਕਾਰ ਨੇ ਲੋਕਾਂ ਨੂੰ ਖੁਸ਼ ਕਰਨ ਲਈ ਸਾਰਿਆਂ ਨੂੰ ਬਿਜਲੀ ਮੁਫ਼ਤ ਕਰ ਦਿੱਤੀ। ਬੀਬੀਆਂ ਦੇ ਖਾਤਿਆਂ ਵਿੱਚ ਪੈਸੇ ਤੇ ਘਰਾਂ ਵਿੱਚ ਮੁਫ਼ਤ ਰਾਸ਼ਨ ਆਉਣਾ ਸ਼ੁਰੂ ਹੋ ਗਿਆ।**



**ਡਾ. ਰਣਜੀਤ ਸਿੰਘ**

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਦੀ ਅਧੀਉਂ ਵੱਧ ਵਸੋਂ ਖੇਤੀ ਉੱਤੇ ਨਿਰਭਰ ਕਰਦੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਆਮਦਨ ਦਾ ਮੁੱਖ ਸਰੋਤ ਸੇਵਾ ਖੇਤਰ ਹੈ ਪਰ ਖੇਤੀ ਸੂਬੇ ਦੀ ਆਰਥਿਕਤਾ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ। ਪਿਛਲੀ ਕੋਈ ਅੱਧੀ ਸਦੀ ਤੋਂ ਕਣਕ-ਝੋਨਾ ਹੀ ਸੂਬੇ ਦਾ ਮੁੱਖ ਫ਼ਸਲ ਚਕਰ ਹੈ। ਸਾਰੀ ਧਰਤੀ ਸੇਂਜੂ ਅਤੇ ਸਾਰੇ ਮੌਸਮ ਆਉਣ ਦੇ ਬਾਵਜੂਦ ਕਿਸੇ ਵੀ ਸਰਕਾਰ ਵੱਲੋਂ ਇਸ ਵਿੱਚ ਬਦਲਾਵ ਦਾ ਕੋਈ ਸੰਜੀਦਾ ਯਤਨ ਨਹੀਂ ਕੀਤਾ ਗਿਆ। ਇਸ ਫ਼ਸਲ ਚਕਰ ਦੇ ਮੁੱਢਲੇ ਸਾਲਾਂ ਵਿੱਚ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲੀ ਸੀ। ਕਿਸਾਨ ਦੀ ਆਮਦਨ ਵਿੱਚ ਅਚਾਨਕ ਵਾਧਾ ਹੋਇਆ। ਜਿਸ ਕਾਰਨ ਪੰਜਾਬ ਅਤੇ ਪੰਜਾਬੀਆਂ ਦੀ ਜੀਵਨਸ਼ੈਲੀ ਬਿਲਕੁਲ ਬਦਲ ਗਈ। ਇਤਨੀ ਤੇਜ਼ੀ ਨਾਲ ਲੋਕਾਂ ਦੇ ਰਹਿਣ ਸਹਿਣ ਵਿੱਚ ਭਾਰਤ ਤਾਂ ਕੀ ਹੋਰ ਕਿਸੇ ਖਿੱਤੇ ਵਿੱਚ ਵੀ ਤਬਦੀਲੀ ਨਹੀਂ ਆਈ ਸੀ। ਇਸ ਤਬਦੀਲੀ ਲਈ ਸਰਕਾਰ ਨੇ ਸੰਜੀਦਾ ਯਤਨ ਕੀਤੇ ਸਨ। ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਬੀਜਾਂ ਨੂੰ ਤੇਜ਼ੀ ਨਾਲ ਕਿਸਾਨ ਤਕ ਪਹੁੰਚਾਇਆ ਗਿਆ। ਇਸ ਲਈ ਸਿੰਚਾਈ ਸਹੂਲਤਾਂ ਦੀ ਲੋੜ ਸੀ। ਸਰਕਾਰ ਵੱਲੋਂ ਟਿਊਬਵੈੱਲ ਲਗਾਉਣ ਲਈ ਕਰਜ਼ੇ ਦਿੱਤੇ ਗਏ। ਪਿੰਡਾਂ ਵਿੱਚ ਬਿਜਲੀ ਪਹੁੰਚਾਈ ਗਈ। ਰਸਾਇਣਿਕ ਖਾਦਾਂ ਨੂੰ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਰਾਹੀਂ ਕਿਸਾਨ ਤੱਕ ਪਹੁੰਚਾਇਆ ਗਿਆ। ਉਪਜ ਦੀ ਵਿਕਰੀ ਲਈ ਮੰਡੀਆਂ ਦਾ ਪ੍ਰਬੰਧ ਕੀਤਾ ਗਿਆ। ਕਿਸਾਨ ਨੂੰ ਉਸ ਦੀ ਉਪਜ ਦਾ ਪੂਰਾ ਮੁੱਲ ਮਿਲੇ ਇਸ ਲਈ ਕਣਕ ਝੋਨੇ ਦਾ ਘੱਟੋ-ਘੱਟ ਸਮਰੱਥਨ ਮੁੱਲ ਮਿੱਥਿਆ ਗਿਆ। ਜੇਕਰ ਮੰਡੀ ਵਿੱਚ ਕੀਮਤ ਇਸ ਤੋਂ ਥੱਲੇ ਡਿਗਦੀ ਹੈ ਤਾਂ ਸਰਕਾਰ ਆਪ ਅਨਾਜ ਖਰੀਦੇਗੀ। ਹੁਣ ਤੱਕ ਲਗਭਗ ਸਾਰਾ ਅਨਾਜ ਸਰਕਾਰ ਹੀ ਖਰੀਦ ਰਹੀ ਹੈ। ਪੰਜਾਬ ਦੀ ਖੇਤੀ ਦਾ ਸੰਪੂਰਨ ਮਸ਼ੀਨੀਕਰਨ ਹੋਇਆ, ਇੰਝ ਸੂਬਾ ਦੇਸ਼ ਦਾ ਪਹਿਲੇ ਨੰਬਰ ਦਾ ਸੂਬਾ ਬਣਿਆ। ਸਮੇਂ ਦੇ ਬੀਤਣ ਨਾਲ ਇਸ ਫ਼ਸਲ ਚੱਕਰ ਵਿੱਚੋਂ ਕਿਸਾਨ ਦੀ ਸ਼ੁੱਧ ਆਮਦਨ ਹਰੇਕ ਸਾਲ ਘਟ ਰਹੀ ਹੈ। ਇਸ ਦੇ ਦੋ ਮੁੱਖ ਕਾਰਨ ਨਿਖੇੜੇ ਜਾ ਸਕਦੇ ਹਨ। ਪਹਿਲਾ ਕਾਰਨ ਸਰਕਾਰ ਵੱਲੋਂ ਉਸੇ ਮਾਤਰਾ ਵਿੱਚ ਅਨਾਜ ਖਰੀਦ ਮੁੱਲ ਵਿੱਚ ਵਾਧਾ ਨਹੀਂ ਕੀਤਾ ਜਾਂਦਾ ਜਿਸ ਮਾਤਰਾ ਵਿੱਚ ਮਹਿੰਗਾਈ ਵਿੱਚ ਵਾਧਾ ਹੋ ਰਿਹਾ ਹੈ। ਦੂਜਾ ਕਾਰਨ ਪਰਿਵਾਰਿਕ ਵੰਡੀਆਂ ਪੈਣ ਕਾਰਨ ਮਾਲਕੀ ਧਰਤੀ ਘਟ ਰਹੀ ਹੈ। ਹੁਣ ਸੂਬੇ ਵਿੱਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੋ ਗਈ ਹੈ। ਉਨ੍ਹਾਂ ਨੂੰ ਮਜ਼ਬੂਰ ਹੋ ਕੇ ਵਾਹੀ ਲਈ ਜ਼ਮੀਨ ਠੇਕੇ ਉੱਤੇ ਲੈਣੀ ਪੈਂਦੀ ਹੈ। ਪੰਜਾਬ ਵਿੱਚ ਜ਼ਮੀਨ ਦਾ ਠੇਕਾ ਸਾਰੇ ਦੇਸ਼ ਨਾਲੋਂ ਵਧ ਹੈ। ਇਹ ਪੰਜਾਹ-ਪੰਜਾਹ ਹਜ਼ਾਰ ਪ੍ਰਤੀ ਏਕੜ ਪ੍ਰਤੀ ਸਾਲ ਤੋਂ ਲੈ ਕੇ ਸੱਤਰ ਹਜ਼ਾਰ ਤੱਕ ਹੋ ਗਿਆ ਹੈ। ਠੇਕੇ ਦੀ ਰਾਸ਼ੀ ਦੇ ਕੇ ਕਿਸਾਨ ਦੇ ਪੱਲੇ ਬਹੁਤ ਘੱਟ ਪੈਸਾ ਪੈਂਦਾ ਹੈ। ਜਦੋਂ ਕੁਦਰਤੀ ਆਫਤਾਂ ਕਾਰਨ ਫ਼ਸਲ ਨੁਕਸਾਨੀ ਜਾਵੇ ਤਾਂ ਘਾਟਾ ਵੀ ਪੈਂਦਾ ਹੈ ਅਤੇ ਉਸ ਨੂੰ ਕਰਜ਼ਾ ਲੈਣਾ ਪੈਂਦਾ ਹੈ।

ਜੂਨ ਦੇ ਪਹਿਲੇ ਹਫ਼ਤੇ ਮੈਨੂੰ ਲੁਧਿਆਣਾ ਤੋਂ ਗੁਰੂਗ੍ਰਾਮ ਜਾਣ ਦਾ ਮੌਕਾ ਮਿਲਿਆ। ਮਲੇਰਕੋਟਲੇ ਤੋਂ ਗੱਡੀ ਨਵੇਂ ਬਣੇ ਹਾਈਵੇ ਤੇ ਪਾਈ ਗਈ। ਇਸ ਉਤੇ ਕੋਈ ਵਿਰਲਾ ਟਾਵਾਂ ਹੀ ਵਾਹਨ ਨਜ਼ਰ ਆ ਰਿਹਾ ਸੀ। ਦੂਰੀ ਭਾਵੇਂ ਜੀ. ਟੀ. ਰੋਡ ਜਿਤਨੀ ਹੀ ਹੈ ਕਿਉਂਕਿ ਇੱਥੇ ਬ੍ਰੇਕ ਲਗਾਉਣ ਦੀ ਲੋੜ ਨਹੀਂ ਪੈਂਦੀ ਇਸ ਕਰਕੇ ਸਫ਼ਰ ਚਾਰ ਘੰਟਿਆਂ ਵਿੱਚ ਹੀ ਪੂਰਾ ਹੋ ਜਾਂਦਾ ਹੈ। ਸੜਕ ਦੇ ਦੋਵੇਂ ਪਾਸੇ ਖੇਤ ਹਨ। ਨੇੜੇ-ਤੇੜੇ ਕੋਈ ਵੀ ਪਿੰਡ ਨਜ਼ਰ ਨਹੀਂ ਆਉਂਦਾ, ਕਸਬਾ ਤਾਂ ਕੋਈ ਹੈ ਹੀ ਨਹੀਂ। ਪੰਜਾਬ ਦੇ ਖੇਤਾਂ ਵਿੱਚ ਰੌਣਕ ਸੀ ਕਿਉਂਕਿ ਕਿਸਾਨਾਂ ਨੇ ਝੋਨਾ ਲਗਾਉਣਾ ਸ਼ੁਰੂ ਕਰ ਦਿੱਤਾ ਸੀ। ਖੇਤਾਂ ਵਿੱਚ ਹੋਰ ਕੋਈ ਫ਼ਸਲ ਨਹੀਂ ਸੀ। ਕੁਝ ਥਾਂਵੀਂ ਖੇਤਾਂ ਵਿੱਚ ਮੱਕੀ ਜ਼ਰੂਰ ਖੜ੍ਹੀ ਸੀ। ਕਿਸਾਨਾਂ ਵਿੱਚ ਮੱਕੀ ਦੀ ਤੀਜੀ ਫ਼ਸਲ ਲੈਣ ਦਾ ਰੁਝਾਨ ਵਧ ਰਿਹਾ ਹੈ। ਇਸ ਨੂੰ ਬਸੰਤ ਰੁੱਤੀ ਮੱਕੀ ਆਖਦੇ ਹਨ ਤੇ ਇਸ ਦੀ ਪਾਣੀ ਦੀ ਲੋੜ ਲਗਭਗ ਝੋਨੇ ਦੇ ਬਰਾਬਰ ਹੀ ਹੈ। ਦੁਆਬੇ ਵਿੱਚ ਇਸ ਦੀ ਕਾਸ਼ਤ ਦਾਣਿਆਂ ਲਈ ਕੀਤੀ ਜਾਂਦੀ ਹੈ ਜਿੱਥੇ ਇਸ ਹੇਠ ਰਕਬੇ ਵਿੱਚ ਵਾਧਾ ਹੋ ਰਿਹਾ ਹੈ। ਮਾਲਵੇ ਵਿੱਚ ਇਸ ਦੀ ਖੇਤੀ ਚਾਰੇ ਲਈ ਸ਼ੁਰੂ ਹੋਈ ਹੈ। ਕੰਪਨੀਆਂ ਆਪ ਚਾਰੇ ਨੂੰ ਕੱਟ ਕੇ ਦੂਜੇ ਸੂਬਿਆਂ ਨੂੰ ਲੈ ਜਾਂਦੀਆਂ ਹਨ।

ਮੈਨੂੰ ਸਾਰੇ ਰਾਹ ਕਿਤੇ ਵੀ ਫ਼ਲਦਾਰ ਬੂਟੇ ਨਜ਼ਰ ਨਹੀਂ ਆਏ। ਸਬਜ਼ੀ ਦੀ ਕਾਸ਼ਤ ਵੀ ਕਿਸੇ ਟਿਊਬਵੈਲ ਨੇੜੇ ਨਹੀਂ ਸੀ। ਹੋ ਸਕਦਾ ਹੈ ਮੈਂ ਗਲਤ ਹੋਵਾਂ ਮੈਨੂੰ ਕੋਈ ਨਹਿਰ ਜਾਂ ਰਜਵਾਹਾ ਵੀ ਵਿਖਾਈ ਨਹੀਂ ਦਿੱਤਾ। ਦੋ ਕੁ ਘੰਟੇ ਦੇ ਸਫ਼ਰ ਪਿੱਛੋਂ ਖੇਤਾਂ ਵਿੱਚ ਲੱਗੇ ਸੋਲਰ ਪੰਪ ਨਜ਼ਰ ਆਉਣ ਲਗ ਪਏ। ਸੜਕ ਕੰਢੇ ਲੱਗੇ ਬੋਰਡਾਂ ਨੇ ਸੰਕੇਤ ਦਿੱਤਾ ਕਿ ਹਰਿਆਣਾ ਸ਼ੁਰੂ ਹੋ ਗਿਆ ਹੈ। ਉਂਝ ਸੂਬਿਆਂ ਵਿਚਕਾਰ ਵਖਰੇਵੇਂ ਦਾ ਕੋਈ ਹੱਦਬੰਨਾ ਨਹੀਂ ਹੁੰਦਾ ਹੈ। ਇਸ ਦੇ ਨਾਲ ਹੀ ਵੱਡੇ ਗ੍ਰੀਨ ਹਾਊਸ ਨਜ਼ਰ ਆਏ ਜਿਸ ਤੋਂ ਸੰਕੇਤ ਮਿਲਦਾ ਸੀ ਕਿ ਇਥੇ ਸਬਜ਼ੀ ਦੀ ਕਾਸ਼ਤ ਹੁੰਦੀ ਹੋਵੇਗੀ। ਖੇਤ ਤਿਆਰ ਸਨ ਪਰ ਕਿਤੇ ਝੋਨੇ ਦੀ ਲੁਆਈ ਸ਼ੁਰੂ ਨਹੀਂ ਸੀ ਹੋਈ। ਜੀਰੀ ਦੀ ਸਿੱਧੀ ਬਿਜਾਈ ਵਾਲਾ ਵੀ ਕੋਈ ਖੇਤ ਦੋਵਾਂ ਸੂਬਿਆਂ ਵਿੱਚ ਨਜ਼ਰ ਨਹੀਂ ਆਇਆ। ਹਰਿਆਣੇ ਪਾਸੇ ਘੱਟੋ-ਘੱਟ ਤਿੰਨ ਰਜਵਾਹੇ ਵੀ ਨਜ਼ਰ ਆਏ ਜਿਨ੍ਹਾਂ ਵਿੱਚ ਪਾਣੀ ਵੀ ਸੀ। ਹਰਿਆਣਾ ਸਰਕਾਰ ਨੇ ਇਸ ਵਰ੍ਹੇ ਸਾਰੀਆਂ ਫ਼ਸਲਾਂ ਨੂੰ ਘੱਟੋ-ਘੱਟ ਸਮਰੱਥਨ ਮੁੱਲ ਦੇਣ ਦਾ ਵੀ ਫ਼ੈਸਲਾ ਕੀਤਾ ਹੈ। ਪੰਜਾਬ ਵਿੱਚ ਸੋਲਰ ਪੰਪ ਨਾ ਲੱਗਣ ਲਈ ਸਰਕਾਰ ਜ਼ੁੰਮੇਵਾਰ ਹੈ। ਕਿਸਾਨ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਦੂਜਾ ਕਿਸਾਨਾਂ ਨੂੰ ਉਤਸ਼ਾਹਿਤ ਵੀ ਨਹੀਂ ਕੀਤਾ ਗਿਆ। ਬਿਜਲੀ ਦੀ ਬਚਤ ਦੀ ਆਮਦਨ ਨਾਲ ਕਿਸਾਨਾਂ ਨੂੰ ਦੂਜੀਆਂ ਫ਼ਸਲਾਂ ਬੀਜਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ।



ਕਣਕ-ਝੋਨੇ ਦੇ ਫ਼ਸਲ ਚੱਕਰ ਨਾਲ ਜਿੱਥੇ ਕਿਸਾਨਾਂ ਦੀ ਸ਼ੁੱਧ ਆਮਦਨ ਹਰ ਸਾਲ ਘੱਟ ਰਹੀ ਹੈ ਉੱਥੇ ਉਨ੍ਹਾਂ ਕੋਲ ਸਾਰਾ ਸਾਲ ਮਸਾਂ ਦੋ ਮਹੀਨੇ ਹੀ ਕੰਮ ਹੁੰਦਾ ਹੈ। ਇਕੋ ਫ਼ਸਲ ਚੱਕਰ ਦਾ ਧਰਤੀ ਦੀ ਸਿਹਤ ਉੱਤੇ ਵੀ ਅਸਰ ਪੈਂਦਾ ਹੈ। ਨਦੀਨਾਂ ਤੇ ਬਿਮਾਰੀਆਂ ਵਿੱਚ ਵਾਧਾ ਹੁੰਦਾ ਹੈ। ਕਿਸਾਨਾਂ ਦੀ ਵਿਹਲ ਨੂੰ ਰਾਜਨੀਤਿਕ ਪਾਰਟੀਆਂ ਆਪਣੇ ਧਰਨਿਆਂ, ਜਲਸਿਆਂ, ਜਲੂਸਾਂ ਆਦਿ ਲਈ ਵਰਤਦੀਆਂ ਹਨ। ਥਕੇਵਾਂ ਲਾਹੁਣ ਲਈ ਨਸ਼ੇ ਦੀ ਵਰਤੋਂ ਵੀ ਕਰਦੀਆਂ ਹਨ। ਇਹ ਧਰਨੇ ਜਲਸੇ, ਜਲੂਸ, ਵਿਦਿਆ ਜਾਂ ਸਿਹਤ ਸਹੂਲਤਾਂ ਦੇ ਸੁਧਾਰ ਲਈ ਨਹੀਂ ਲਗਦੇ ਸਗੋਂ ਇੱਕ ਦੂਜੇ ਨੂੰ ਬਦਨਾਮ ਕਰਨ ਲਈ ਹੁੰਦੇ ਹਨ। ਪਿੰਡਾਂ ਦੇ ਮੁੰਡਿਆਂ ਕੋਲ ਕਰਨ ਨੂੰ ਕੋਈ ਕੰਮ ਨਹੀਂ। ਜੇਕਰ ਸਬਜ਼ੀ, ਪਸ਼ੂ ਪਾਲਣ ਜਾਂ ਹੋਰ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਤਾਂ ਉਨ੍ਹਾਂ ਕੋਲ ਕੰਮ ਹੋ ਜਾਣਾ ਸੀ। ਉਨ੍ਹਾਂ ਨੇ ਉਤਸ਼ਾਹਿਤ ਹੋ ਕੇ ਕੁਝ ਨਵਾਂ ਕਰਨ ਲਈ ਯਤਨ ਕਰਨੇ ਸਨ ਜਿੱਥੇ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇ। ਨਵੇਂ ਬਣ ਰਹੇ ਹਾਈਵੇ ਨਾਲ ਜ਼ਮੀਨ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਮਜ਼ਬੂਰ ਮੁੰਡਿਆਂ ਨੂੰ ਜ਼ਮੀਨ ਗਹਿਣੇ ਰੱਖ ਕੇ ਵਿਦੇਸ਼ ਉਡਾਰੀ ਮਾਰਨ ਦਾ ਰਸਤਾ ਹੀ ਨਜ਼ਰ ਆਉਂਦਾ ਹੈ।

ਹੁਣ ਵੇਖਦੇ ਹਾਂ ਕਿ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਖੇਤੀ ਨੂੰ ਨਵਾਂ ਮੋੜ ਦੇਣ ਦਾ ਕੋਈ ਯਤਨ ਕਿਉਂ ਨਹੀਂ ਕੀਤਾ। ਸਮੇਂ ਦੇ ਬੀਤਣ ਨਾਲ ਰਾਜਨੀਤੀ ਸੇਵਾ ਨਹੀਂ ਸਗੋਂ ਵਿਉਪਾਰ ਬਣ ਰਹੀ ਹੈ। ਕੋਈ ਰਾਜਸੀ ਪਾਰਟੀ ਅਜਿਹਾ ਕੰਮ ਨਹੀਂ ਕਰਨਾ ਚਾਹੁੰਦੀ ਜਿਸ ਨਾਲ ਉਸ ਦੀ ਜ਼ੁੰਮੇਵਾਰੀ ਵਿੱਚ ਵਾਧਾ ਹੋਵੇ। ਉਨ੍ਹਾਂ ਨੂੰ ਤਾਂ ਵੋਟ ਚਾਹੀਦੀ ਹੈ ਤਾਂ ਜੋ ਸੱਤਾ ਪ੍ਰਾਪਤ ਕੀਤੀ ਜਾ ਸਕੇ। ਕਿਸੇ ਸਰਕਾਰ ਨੇ ਸ਼ਹਿਰਾਂ ਵਿੱਚੋਂ ਚੁੰਗੀ ਮੁਆਫ਼ ਕਰ ਦਿੱਤੀ, ਕਿਸੇ ਨੇ ਕਿਸਾਨਾਂ ਨੂੰ ਬਿਜਲੀ ਮੁਫ਼ਤ ਦੇ ਦਿੱਤੀ, ਕਿਸੇ ਨੇ ਔਰਤਾਂ ਲਈ ਬਸ ਸਫ਼ਰ ਮੁਫ਼ਤ ਕਰ ਦਿੱਤਾ। ਕਿਸੇ ਸਾਰਿਆਂ ਲਈ ਬਿਜਲੀ ਮੁਫ਼ਤ ਕਰ ਦਿੱਤੀ। ਤੀਰਥ ਯਾਤਰਾਵਾਂ ਸ਼ੁਰੂ, ਔਰਤਾਂ ਨੂੰ ਪੈਸੇ ਤੇ ਰਾਸ਼ਨ ਵੰਡਣਾ ਸ਼ੁਰੂ ਕਰ ਦਿੱਤਾ ਹੈ।

ਸਾਰੀਆਂ ਸਰਕਾਰਾਂ ਨੇ ਖੇਤੀ ਵਿੱਚ ਬਦਲਾਵ ਬਾਰੇ ਸੋਚਿਆ ਜ਼ਰੂਰ ਹੈ। ਸਕੀਮਾਂ ਵੀ ਬਣੀਆਂ ਪਰ ਉਹ ਸਾਰਾ ਕੁਝ ਫ਼ਾਈਲਾਂ ਵਿੱਚ ਬੰਦ ਹੀ ਰਹਿ ਗਿਆ।

ਚਲੋ ਬਾਦਲ ਸਾਹਿਬ ਦੀ ਸਰਕਾਰ ਤੋਂ ਚਰਚਾ ਸ਼ੁਰੂ ਕਰਦੇ ਹਾਂ। ਬਾਦਲ ਸਾਹਿਬ ਨੂੰ ਕਿਸਾਨਾਂ ਦਾ ਖਿਆਲ ਸੀ ਕਿਉਂਕਿ ਉਨ੍ਹਾਂ ਦਾ ਰਾਜਸੀ ਆਧਾਰ ਇਹ ਹੀ ਸਨ। ਉਨ੍ਹਾਂ ਪੰਜਾਬ ਦੇ ਸੰਤੁਲਿਤ ਵਿਕਾਸ ਲਈ ਰਾਜ ਦੀਆਂ ਤਿੰਨਾਂ ਹੀ ਯੂਨੀਵਰਸਿਟੀਆਂ (ਪੀਏਯੂ, ਪੰਜਾਬੀ ਤੇ ਗੁਰੂ ਨਾਨਕ) ਨੂੰ ਬਲਾਕ ਵੰਡੇ ਅਤੇ ਆਖਿਆ ਇਨ੍ਹਾਂ ਦੇ ਵਿਕਾਸ ਦੀ ਨੀਤੀ ਤਿਆਰ ਕਰੋ। ਪਿੰਡਾਂ ਵਿੱਚ ਵਿੱਦਿਆ ਦੇ ਸੁਧਾਰ ਲਈ ਆਦਰਸ਼ ਸਕੂਲ ਬਣਾਏ। ਪਿੰਡਾਂ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਫ਼ੋਕਲ ਪੁਆਇੰਟ ਸਕੀਮ ਸ਼ੁਰੂ ਕੀਤੀ। ਇੱਥੇ ਕਿਸਾਨ ਬਜ਼ਾਰ ਬਣਨਾ ਸੀ। ਖੇਤੀ ਉਪਜ ਆਧਾਰਿਤ ਸਨਅੱਤਾਂ ਸਥਾਪਿਤ ਹੋਣੀਆਂ ਸਨ, ਸਹਿਕਾਰੀ ਸਭਾ ਦੇ ਦਫ਼ਤਰ ਖੁਲ੍ਹਣੇ ਸਨ। ਜ਼ਮੀਨਾਂ ਲੱਭੀਆਂ ਗਈਆਂ। ਉਸਾਰੀ ਸ਼ੁਰੂ ਹੋ ਗਈ। ਅਗਲੀ ਵਾਰ ਸਰਕਾਰ ਬਦਲ ਗਈ। ਨਵੀਂ ਸਰਕਾਰ ਨੇ ਇਸ ਪ੍ਰੋਗਰਾਮ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ। ਇਸ ਸਰਕਾਰ ਨੇ ਡਾ. ਸਰਦਾਰਾ ਸਿੰਘ ਜੌਹਲ ਜਿਹੜੇ ਉਦੋਂ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਸਨ ਦੀ ਅਗਵਾਈ ਹੇਠ ਮਾਹਿਰਾਂ ਦੀ ਕਮੇਟੀ ਬਣਾਈ ਤੇ ਨਵੀਂ ਖੇਤੀ ਨੀਤੀ ਤਿਆਰ ਕਰਨ ਨੂੰ ਆਖਿਆ। ਮਾਹਿਰਾਂ ਨੇ ਬਹੁਤ ਮਿਹਨਤ ਕੀਤੀ ਤੇ ਨਵੀਂ ਨੀਤੀ ਦਾ ਖਰੜਾ ਸਰਕਾਰ ਨੂੰ ਸੌਂਪ ਦਿੱਤਾ। ਡਾ. ਸਾਹਿਬ ਨੇ ਕਈ ਵਾਰ ਪੁੱਛਿਆ ਕਿ ਇਸ 'ਤੇ ਅਮਲ ਕਦੋਂ ਸ਼ੁਰੂ ਹੋਵੇਗਾ। ਮੁੱਖ ਮੰਤਰੀ ਸਾਹਿਬ ਦਾ ਉਤਰ ਸੀ ਕਿ ਤੁਸੀਂ ਆਪਣਾ ਕੰਮ ਕਰ ਦਿੱਤਾ ਹੁਣ ਅੱਗੇ ਸਰਕਾਰ ਨੇ ਵੇਖਣਾ ਹੈ। ਉਹ ਫਾਈਲ ਕਦੇ ਨਹੀਂ ਖੁੱਲ੍ਹੀ। ਬਾਦਲ ਸਾਹਿਬ ਮੁੜ ਤਾਕਤ ਵਿੱਚ ਆਏ ਤਾਂ ਭੁੱਲ ਹੀ ਗਏ ਕਿ ਉਨ੍ਹਾਂ ਫੋਕਲ ਪੁਆਇੰਟ ਸਕੀਮ ਸ਼ੁਰੂ ਕੀਤੀ ਸੀ। ਆਦਰਸ਼ ਸਕੂਲ ਖੋਲ੍ਹੇ ਸਨ। ਹੋਰ ਸਕੂਲਾਂ ਨੂੰ ਆਦਰਸ਼ ਸਕੂਲ ਬਣਾਉਣ ਦੀ ਥਾਂ ਪਹਿਲਿਆਂ ਨੂੰ ਵੀ ਅਣਗੌਲਿਆ ਕਰ ਦਿੱਤਾ ਗਿਆ। ਕਿਸਾਨਾਂ ਨੂੰ ਖੁਸ਼ ਕਰਨ ਲਈ ਬਿਜਲੀ ਮੁਫ਼ਤ ਕਰ ਦਿੱਤੀ ਗਈ। ਮੁੜ ਕੈਪਟਨ ਸਾਹਿਬ ਦੀ ਸਰਕਾਰ ਆਈ। ਉਨ੍ਹਾਂ ਨੇ ਡਾ. ਜੌਹਲ ਨੂੰ ਕੈਬਨਿਟ ਮੰਤਰੀ ਦਾ ਰੈਂਕ ਦੇ ਕੇ ਯੋਜਨਾ ਬੋਰਡ ਦਾ ਮੀਤ ਪ੍ਰਧਾਨ ਬਣਾ ਦਿੱਤਾ ਅਤੇ ਉਨ੍ਹਾਂ ਨੂੰ ਮੁੜ ਨਵੀਂ ਖੇਤੀ ਨੀਤੀ ਤਿਆਰ ਕਰਨ ਲਈ ਆਖਿਆ। ਬੜੀ ਮਿਹਨਤ ਨਾਲ ਨਵੀਂ ਸਕੀਮ ਤਿਆਰ ਕਰਕੇ ਮੁੱਖ ਮੰਤਰੀ ਸਾਹਿਬ ਨੂੰ ਸੌਂਪੀ ਗਈ। ਜੌਹਲ ਸਾਹਿਬ ਨੇ ਕਈ ਵਾਰ ਪੁੱਛਿਆ ਕਿ ਨਵੀਂ ਨੀਤੀ 'ਤੇ ਕੰਮ ਕਦੋਂ ਸ਼ੁਰੂ ਹੋਵੇਗਾ। ਸਰਕਾਰ



ਬਾਕੀ ਸਫਾ 6 'ਤੇ



# ਝੋਨੇ ਵਿੱਚ ਬੂਟਿਆਂ ਦੇ ਟਿੱਡਿਆਂ ਦਾ ਸਰਵੇਖਣ ਅਤੇ ਸਮੇਂ ਸਿਰ ਰੋਕਥਾਮ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਹਾਲ ਹੀ ਵਿੱਚ ਕੀਤੇ ਸਰਵੇਖਣਾਂ ਦੌਰਾਨ ਝੋਨੇ ਦੇ ਖੇਤਾਂ ਵਿੱਚ ਕਿਤੇ-ਕਿਤੇ ਬੂਟੇ ਦੇ ਟਿੱਡਿਆਂ ਦੀ ਆਮਦ ਵੇਖੀ ਜਾ ਰਹੀ ਹੈ, ਜਿਨ੍ਹਾਂ ਵਿੱਚ ਚਿੱਟੀ ਪਿੱਠ ਵਾਲਾ ਟਿੱਡਾ ਪ੍ਰਮੁੱਖ ਹੈ। ਇਨ੍ਹਾਂ ਟਿੱਡਿਆਂ ਦੀ ਆਮਦ ਪੌਦ ਵਿੱਚ ਅਤੇ ਖੇਤਾਂ ਵਿੱਚ ਕਿਤੇ ਵੀ ਹੋ ਸਕਦੀ ਹੈ, ਜਿਸ ਲਈ ਇਨ੍ਹਾਂ ਦੀ ਆਮਦ ਦਾ ਪਤਾ ਲਗਾਉਣ ਲਈ ਖੇਤਾਂ ਦਾ ਲਗਾਤਾਰ ਸਰਵੇਖਣ ਕਰਨਾ ਬਹੁਤ ਜ਼ਰੂਰੀ ਹੈ। ਇਸ ਕੀੜੇ ਦੇ ਬੱਚੇ ਅਤੇ ਬਾਲਗ ਟਿੱਡੇ ਜੁਲਾਈ ਤੋਂ ਅਕਤੂਬਰ ਤੱਕ ਬੂਟਿਆਂ ਦਾ ਰਸ ਚੂਸਦੇ ਹਨ

ਪਿਛਲੇ ਕੁਝ ਕੁ ਸਾਲਾਂ ਤੋਂ ਝੋਨੇ ਵਿੱਚ ਬੂਟਿਆਂ ਦੇ ਮਧਰੇਪਣ ਦੀ ਸਮੱਸਿਆ ਵੀ ਆ ਰਹੀ ਹੈ ਜੋ ਕਿ ਇੱਕ ਵਿਸ਼ਾਣੂੰ ਰੋਗ ਹੈ ਜਿਸ ਨੂੰ ਇਹ ਚਿੱਟੀ ਪਿੱਠ ਵਾਲਾ ਟਿੱਡਾ ਫੈਲਾਉਂਦਾ ਹੈ। ਝੋਨੇ ਦੇ ਮਧਰੇਪਣ ਦੀ ਸਮੱਸਿਆ ਦੀ ਸ਼ੁਰੂਆਤੀ ਲਾਗ ਨੂੰ ਅਤੇ ਬਾਅਦ ਵਿੱਚ ਫੈਲਾਅ ਨੂੰ ਰੋਕਣ ਲਈ ਇਸ ਚਿੱਟੀ ਪਿੱਠ ਵਾਲੇ ਟਿੱਡੇ ਦੀ ਸਹੀ ਪਹਿਚਾਣ ਅਤੇ ਰੋਕਥਾਮ ਅਤਿ ਜ਼ਰੂਰੀ ਹੈ। ਪਰ ਇਸਦੇ ਨਾਲ-ਨਾਲ ਭੂਰੇ ਟਿੱਡੇ ਉੱਪਰ ਵੀ ਕਾਬੂ ਪਾਉਣਾ ਅਤਿ ਜ਼ਰੂਰੀ ਹੈ ਕਿਉਂਕਿ ਇਹ ਟਿੱਡਾ ਭਾਵੇਂ ਮਧਰੇਪਣ ਦਾ ਰੋਗ ਨਹੀਂ ਫੈਲਾਉਂਦਾ ਲੇਕਿਨ ਫ਼ਸਲ ਦਾ ਝਾੜ ਇਸ ਭੂਰੇ ਟਿੱਡੇ ਦੇ ਹਮਲੇ ਤੋਂ ਵੀ ਕਾਫ਼ੀ ਪ੍ਰਭਾਵਿਤ ਹੁੰਦਾ ਹੈ।

ਰੂਬਲਜੋਤ ਕੂੰਨਰ, ਕੀਟ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 98761-71603)

**ਪਹਿਚਾਣ :**

**ਚਿੱਟੀ ਪਿੱਠ ਵਾਲਾ ਟਿੱਡਾ** : ਇਸ ਕੀੜੇ ਦੇ ਨਵੇਂ ਜੰਮੇ ਬੱਚੇ (ਨਿੰਫ) ਸਲੇਟੀ ਚਿੱਟੇ ਰੰਗ ਦੇ ਹੁੰਦੇ ਹਨ, ਜਿਹੜੇ ਬਾਅਦ ਵਿੱਚ ਗੂੜ੍ਹੇ ਸਲੇਟੀ ਰੰਗ ਦੇ ਹੋ ਜਾਂਦੇ ਹਨ। ਇਸ ਦੇ ਬਾਲਗ ਦੀ ਪਿੱਠ ਤੇ ਬਰੀਕ ਚਿੱਟੀ ਪੇਟੀ ਹੁੰਦੀ ਹੈ, ਜੋ ਕਿ ਇਨ੍ਹਾਂ ਦੇ ਉੱਪਰਲੇ ਪਾਸੇ ਦਿਖਾਈ ਦਿੰਦੀ ਹੈ ਅਤੇ ਇੱਕ ਕਾਲਾ ਧੱਬਾ ਅਗਲੇ ਖੰਭਾਂ ਦੇ




ਪਿਛਲੇ ਪਾਸੇ ਦੇ ਵਿਚਕਾਰ ਦਿਖਾਈ ਦਿੰਦਾ ਹੈ।

**ਭੂਰਾ ਟਿੱਡਾ** : ਇਸਦੇ ਨਵੇਂ ਨਿਕਲੇ ਬੱਚੇ ਰੂੰ ਵਰਗੇ ਚਿੱਟੇ ਅਤੇ ਬਾਅਦ ਵਿੱਚ ਭੂਰੇ ਰੰਗ ਵਿੱਚ ਬਦਲ ਜਾਂਦੇ ਹਨ। ਇਹਨਾਂ ਦਾ ਰੰਗ ਹਲਕੇ ਤੋਂ ਗੂੜ੍ਹਾ ਭੂਰਾ ਹੁੰਦਾ ਹੈ।

**ਸਰਵੇਖਣ ਦੀ ਵਿਧੀ** : ਪਨੀਰੀ ਅਤੇ ਖੇਤਾਂ ਵਿੱਚ ਇਨਾਂ ਕੀੜੀਆਂ ਦੇ ਸਰਵੇਖਣ ਲਈ ਕੁਝ ਕੁ ਬੂਟਿਆਂ ਨੂੰ ਟੇਢੇ ਕਰਕੇ ਹੇਠਾਂ 2-3 ਵਾਰੀ ਝਾੜੋ। ਜੇਕਰ



ਇਸਦੇ ਨਿੰਫ ਜਾਂ ਬਾਲਗ ਟਿੱਡੇ ਹੇਠਾਂ ਡਿੱਗੇ ਜਾਂ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ ਫ਼ਸਲ ਉੱਤੇ ਸਿਫ਼ਾਰਸ਼ ਕੀਟਨਾਸ਼ਕ ਦੀ ਵਰਤੋਂ ਕਰੋ। ਟਿੱਡੇ ਦੀ ਆਮਦ ਦੇਖਣ ਲਈ ਰਾਤ ਨੂੰ ਪਨੀਰੀ/ਖੇਤ ਨੇੜੇ ਬੱਲਬ ਜਗਾ ਕੇ ਰੱਖੋ ਕਿਉਕਿ ਇਹ ਕੀੜਾ ਰੌਸ਼ਨੀ ਵੱਲ ਆਕਰਸ਼ਿਤ ਹੁੰਦਾ ਹੈ। ਇਨ੍ਹਾਂ ਕੀੜੀਆਂ ਦੀ ਆਮਦ ਬੂਟਿਆਂ ਦੇ ਮੁੱਢਾਂ ਤੇ ਹੁੰਦੀ ਹੈ, ਸਰਵੇਖਣ ਦੌਰਾਨ ਬੂਟਿਆਂ ਦੇ ਮੁੱਢਾਂ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

**ਰੋਕਥਾਮ**

★ **ਖਾਦਾਂ ਦੀ ਸਹੀ ਵਰਤੋਂ** : ਵੱਧ ਨਾਈਟਰੋਜਨ ਖਾਦ ਪਾਉਣ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਵਧੇਰੇ ਹੁੰਦਾ ਹੈ, ਇਸ ਲਈ ਖਾਦਾਂ ਦੀ ਵਰਤੋਂ ਸਿਫ਼ਾਰਸ਼ ਅਨੁਸਾਰ ਹੀ ਕਰੋ।

★ **ਖੜ੍ਹੀ ਫ਼ਸਲ ਨੂੰ ਪਾਣੀ ਦੇਣ ਵਾਸਤੇ ਵਿਉਂਤਬੰਦੀ** : ਪਨੀਰੀ ਲਾਉਣ ਪਿੱਛੋਂ 2 ਹਫ਼ਤੇ ਤੱਕ ਪਾਣੀ ਖੇਤ ਵਿੱਚ ਖੜ੍ਹਾ ਰੱਖਣਾ ਜ਼ਰੂਰੀ ਹੈ। ਇਸ ਪਿੱਛੋਂ ਪਾਣੀ ਉਸ ਵੇਲੇ ਦਿਓ ਜਦੋਂ ਖੇਤ ਵਿੱਚੋਂ ਪਾਣੀ ਜ਼ਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ। ਪਰ ਇੱਕ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿੱਚ ਤਰੇੜਾਂ ਨਾ ਪੈਣ। ਅਜਿਹਾ ਕਰਨ ਨਾਲ ਨਾ ਕੇਵਲ ਇਨ੍ਹਾਂ ਟਿੱਡਿਆਂ ਦਾ ਹਮਲਾ ਘੱਟ ਹੁੰਦਾ ਹੈ ਸਗੋਂ ਪਾਣੀ ਦੀ ਵੀ ਬੱਚਤ ਹੁੰਦੀ ਹੈ।

**ਰਸਾਇਣਿਕ ਰੋਕਥਾਮ** : ਟਿੱਡੇ ਦੀ ਆਮਦ ਨਜ਼ਰ ਆਉਣ ਤੇ ਹੀ ਕਿਸੇ ਇੱਕ ਕੀਟਨਾਸ਼ਕ ਜਿਵੇਂ ਕਿ 60 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨੀਕਾਮਿਡ) ਜਾਂ 80 ਗ੍ਰਾਮ ਟੋਕਨ/ਓਸ਼ੀਨ/ਡੋਮੀਨੈਂਟ 20 ਐਸ ਸੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ (ਟਰਾਈਫਲੂਮੀਜ਼ੋਪਾਇਰਿਮ) ਜਾਂ 400 ਮਿਲੀਲਿਟਰ ਆਰਕੈਸਟਰਾ 10 ਐਸ ਸੀ (ਬੈਂਜ਼ਪਾਈਰੀਮਿਕਸਾਨ) ਜਾਂ 300 ਮਿਲੀਲਿਟਰ ਇਮੇਜਿਨ/ਵਿਓਲਾ 10 ਐਸ ਸੀ (ਫਲੂਪਾਈਰੀਮਿਨ) ਜਾਂ 800 ਮਿਲੀਲਿਟਰ ਏਕਾਲਕਸ / ਕੁਇਨਗਾਰਡ / ਕੁਇਨਲਮਾਸ 25 ਈ ਸੀ (ਕੁਇਨਲਫਾਸ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

**ਸਾਵਧਾਨੀਆਂ**

★ ਛਿੜਕਾਅ ਕਰਨ ਵੇਲੇ ਪੰਪ ਦੇ ਫ਼ੁਹਾਰੇ ਦਾ ਰੁਖ਼ ਬੂਟਿਆਂ ਦੇ ਮੁੱਢਾਂ ਵੱਲ ਰੱਖੋ ਤਾਂ ਜੋ ਛਿੜਕਾਅ ਬੂਟਿਆਂ ਦੇ ਮੁੱਢਾਂ ਤੇ ਜ਼ਰੂਰ ਪਵੇ ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ।

★ ਜੇ ਕੀੜੇ ਦਾ ਹਮਲਾ ਦੌਗੀਆਂ / ਧੌੜੀਆਂ ਵਿੱਚ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਸਾਰੇ ਖੇਤ ਦੀ ਬਜਾਏ ਅਜਿਹੀਆਂ ਦੌਗੀਆਂ / ਧੌੜੀਆਂ ਉੱਪਰ ਅਤੇ ਇਨ੍ਹਾਂ ਦੇ ਆਲੇ-ਦੁਆਲੇ 3-4 ਮੀਟਰ ਦੇ ਘੇਰੇ ਅੰਦਰ ਆਉਂਦੇ ਤੰਦਰੁਸਤ ਬੂਟਿਆਂ ਤੇ ਹੀ ਕਰੋ ਕਿਉਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਵਾਂ ਤੇ ਹੀ ਹੁੰਦੀ ਹੈ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 31
ਮਿਤੀ 01-08-2026

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**


# ਆਮਦਨ ਬਰਾਬਰੀ ਤੋਂ ਬਿਨਾਂ ਵਿਕਾਸ ਨਹੀਂ



ਡਾ. ਸ. ਸ. ਛੀਨਾ

ਭਾਵੇਂ ਭਾਰਤ ਦੁਨੀਆ ਦੀ ਪੰਜਵੀਂ ਵੱਡੀ ਆਰਥਿਕਤਾ ਬਣ ਚੁੱਕਾ ਹੈ ਅਤੇ ਛੇਤੀ ਹੀ ਇਹ ਤੀਸਰੀ ਅਰਥਵਿਵਸਥਾ ਵੀ ਬਣ ਜਾਵੇਗਾ ਪਰ ਆਮ ਵਿਅਕਤੀ ਗਰੀਬੀ ਦੇ ਬੁਰੇ ਚੱਕਰ ਵਿੱਚ ਫਸਿਆ ਹੋਇਆ ਹੈ ਅਤੇ ਇਹ ਚੱਕਰ ਤੋੜਨਾ ਸਰਕਾਰ ਅਤੇ ਨੀਤੀ ਘੜਨ ਵਾਲਿਆਂ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਇਹ ਗਰੀਬੀ ਚੱਕਰ ਗਰੀਬੀ ਤੋਂ ਸ਼ੁਰੂ ਹੋ ਕੇ ਗਰੀਬੀ 'ਤੇ ਹੀ ਖ਼ਤਮ ਹੁੰਦਾ ਹੈ। ਗਰੀਬੀ ਹੋਣ ਕਰਕੇ ਵਸਤਾਂ ਅਤੇ ਸੇਵਾਵਾਂ ਵਿਕਦੀਆਂ ਨਹੀਂ।

ਇਸ ਲਈ ਨਵੀਆਂ ਬਣਾਉਣ ਦੀ ਲੋੜ ਨਹੀਂ ਪੈਂਦੀ ਜਿਸ ਕਰਕੇ ਨਿਵੇਸ਼ ਨਹੀਂ ਹੁੰਦਾ। ਨਿਵੇਸ਼ ਨਾ ਹੋਣ ਕਾਰਨ ਬੇਰੁਜ਼ਗਾਰੀ ਵਧਦੀ ਹੈ ਤੇ ਬੇਰੁਜ਼ਗਾਰੀ ਨਾਲ ਆਮਦਨ ਘਟਦੀ ਹੈ ਅਤੇ ਗਰੀਬੀ ਪੈਦਾ ਹੁੰਦੀ ਹੈ। ਭਾਵੇਂ ਹੁਣ ਕੈਨੇਡਾ, ਆਸਟ੍ਰੇਲੀਆ ਅਤੇ ਇੰਗਲੈਂਡ ਜਿਸ ਨੂੰ ਹੁਣੇ ਹੀ ਪਛਾੜ ਕੇ ਭਾਰਤ ਪੰਜਵੀਂ ਵੱਡੀ ਆਰਥਿਕਤਾ ਬਣਿਆ ਹੈ, ਕੀ ਉਸ ਦੇ ਆਮ ਵਿਅਕਤੀ ਦਾ ਰਹਿਣ-ਸਹਿਣ ਵੀ ਭਾਰਤ ਦੇ ਆਮ ਵਿਅਕਤੀ ਦੇ ਬਰਾਬਰ ਹੈ? ਨਹੀਂ, ਸਗੋਂ ਉੱਥੇ ਦੇ ਆਮ ਵਿਅਕਤੀ ਦਾ ਰਹਿਣ-ਸਹਿਣ ਭਾਰਤ ਦੇ ਵਿਅਕਤੀ ਤੋਂ ਕਿਤੇ ਉੱਚਾ ਹੈ ਅਤੇ ਭਾਰਤ ਵਿੱਚ ਆਮ ਵਿਅਕਤੀ ਦੇ ਮਾੜੇ ਰਹਿਣ-ਸਹਿਣ ਦੀ ਵਜ੍ਹਾ ਇਸ ਦੇ ਲੋਕਾਂ ਦੀ ਆਮਦਨ ਨਾਬਰਾਬਰੀ ਹੈ ਅਤੇ ਉੱਥੇ ਦੇ ਆਮ ਵਿਅਕਤੀ ਦੇ ਵਧੀਆ ਰਹਿਣ-ਸਹਿਣ ਦੀ ਵਜ੍ਹਾ ਉੱਥੇ ਆਮਦਨ ਦੀ ਬਰਾਬਰੀ ਹੈ। ਜਿੰਨਾ ਚਿਰ ਭਾਰਤ ਵਿੱਚ ਆਮਦਨ ਦੀ ਬਰਾਬਰੀ ਪੈਦਾ ਨਹੀਂ ਹੋਵੇਗੀ, ਇੱਥੋਂ ਦੀ ਬੇਰੁਜ਼ਗਾਰੀ ਅਤੇ ਗਰੀਬੀ ਦੀ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਅਮਰੀਕਾ, ਕੈਨੇਡਾ, ਆਸਟ੍ਰੇਲੀਆ ਆਦਿ ਵਿਚ ਕਈ ਮੰਤਰੀਆਂ ਕੋਲ ਡਰਾਈਵਰ ਵੀ ਨਹੀਂ ਹਨ ਕਿਉਂ ਜੋ ਡਰਾਈਵਰ ਦੀ ਤਨਖ਼ਾਹ ਅਤੇ ਵੱਡੇ ਤੋਂ ਵੱਡੇ ਅਫ਼ਸਰ ਦੀ ਤਨਖ਼ਾਹ ਵੀ ਬਰਾਬਰ ਹੈ। ਉੱਥੇ ਦੇ ਘਰਾਂ ਵਿੱਚ ਵੀ ਨੌਕਰ ਨਹੀਂ। ਉਨ੍ਹਾਂ ਸਾਰੇ ਦੇਸ਼ਾਂ ਜਿਨ੍ਹਾਂ ਨੂੰ ਭਾਰਤ ਪਛਾੜ ਕੇ ਪੰਜਵੀਂ ਅਰਥ ਵਿਵਸਥਾ ਬਣਿਆ ਹੈ, ਉੱਥੇ ਇਕ ਵੀ ਬਾਲ ਮਜ਼ਦੂਰ ਨਹੀਂ ਜਦਕਿ ਭਾਰਤ ਵਿੱਚ ਇਸ ਵਕਤ 3 ਕਰੋੜ ਬੱਚੇ ਬਾਲ ਕਿਰਤ ਕਰਨ ਲਈ ਮਜ਼ਬੂਰ ਹਨ ਅਤੇ ਇਸ ਬੁਰਾਈ ਦੀ ਜੜ੍ਹ ਆਮਦਨ ਨਾਬਰਾਬਰੀ ਹੈ।

ਭਾਰਤ ਦੀ ਸੁਤੰਤਰਤਾ ਤੋਂ ਬਾਅਦ ਭਾਰਤ ਵਿੱਚ ਖ਼ੁਸ਼ਹਾਲੀ ਦੀਆਂ ਵੱਡੀਆਂ ਉਮੀਦਾਂ ਸਨ ਪਰ ਨਾਲ ਹੀ ਭਾਰਤ ਦੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਦੇਸ਼ ਵਿੱਚ ਸਮਾਜਵਾਦੀ ਢਾਂਚਾ ਸਥਾਪਤ ਕਰਨ ਦੀ ਗੱਲ ਕੀਤੀ ਗਈ ਸੀ ਜਿਸ ਦਾ ਅਰਥ ਹੈ ਆਮਦਨ ਬਰਾਬਰੀ। ਇਸ ਲਈ ਜ਼ਮੀਨ ਦੀ ਉੱਪਰਲੀ ਹੱਦ ਵੀ ਲਾਈ ਗਈ ਕਿਉਂ ਜੋ ਉਸ ਸਮੇਂ ਖੇਤੀ ਦੇਸ਼ ਦੀ 75 ਫ਼ੀਸਦੀ ਵਸੋਂ ਦਾ ਪੇਸ਼ਾ ਸੀ ਅਤੇ ਜੇ ਖੇਤੀ ਵਿੱਚ ਆਮਦਨ ਬਰਾਬਰੀ ਹੋ ਜਾਂਦੀ ਤਾਂ ਵੱਡੀ ਵਸੋਂ ਵਿੱਚ ਬਰਾਬਰੀ ਹੋ ਜਾਂਦੀ। ਉਸ ਸਮੇਂ ਇਹ ਮੰਗ ਵੀ ਬੜੇ ਜ਼ੋਰ ਨਾਲ ਉੱਠੀ ਸੀ ਕਿ ਜੇ ਖੇਤੀ ਜੋਤਾਂ ਦੀ ਉੱਪਰਲੀ ਹੱਦ ਮਿੱਥੀ ਗਈ ਹੈ ਤਾਂ ਸ਼ਹਿਰੀ ਜਾਇਦਾਦ ਜਾਂ ਉਦਯੋਗਾਂ 'ਤੇ ਉੱਪਰਲੀ ਹੱਦ ਵੀ ਹੋਣੀ ਚਾਹੀਦੀ ਹੈ ਪਰ ਇਸ ਗੱਲ ਨੂੰ ਇਸ ਕਰਕੇ ਨਕਾਰਿਆ ਗਿਆ ਸੀ ਕਿ ਉਸ ਵਕਤ ਭਾਰਤ ਉਦਯੋਗਿਕ ਵਿਕਾਸ ਵਿੱਚ ਬਹੁਤ ਪਿਛਾਂਹ ਸੀ ਅਤੇ ਜੇ ਇਸ ਤਰ੍ਹਾਂ ਦੀ ਹੱਦ ਲਾਈ ਜਾਂਦੀ ਤਾਂ ਉਦਯੋਗਿਕ ਵਿਕਾਸ ਹੋਰ ਘੱਟ ਜਾਣਾ ਸੀ।



ਭਾਰਤ ਵਿੱਚ ਸਾਰੇ ਸੰਸਾਰ ਨਾਲੋਂ ਵੱਧ ਤਿੰਨ ਕਰੋੜ ਬੱਚੇ ਬਾਲ ਕਿਰਤ ਕਰਦੇ ਹਨ। ਬਾਲਗਾਂ ਲਈ ਤਾਂ ਰੁਜ਼ਗਾਰ ਨਹੀਂ ਜਦਕਿ ਬੱਚਿਆਂ ਲਈ ਵਾਧੂ ਰੁਜ਼ਗਾਰ ਹੈ। ਦਰਅਸਲ ਇਨ੍ਹਾਂ ਬੱਚਿਆਂ ਕੋਲੋਂ ਵੀ...

ਪਰ ਇੱਥੇ ਇਹ ਗੱਲ ਵਰਣਨਯੋਗ ਹੈ ਕਿ ਯੂਰਪੀ ਅਤੇ ਵਿਕਸਤ ਦੇਸ਼ਾਂ ਵਿੱਚ ਵੀ ਭਾਵੇਂ ਉਦਯੋਗਾਂ ਦੇ ਖੇਤਰ ਵਿੱਚ ਕੋਈ ਉਪਯੋਗੀ ਸੀਮਾ ਨਹੀਂ ਪਰ ਉਨ੍ਹਾਂ ਦੇਸ਼ਾਂ ਵਿੱਚ ਜਾਇਦਾਦ ਦੀ ਤਾਂ ਨਾਬਰਾਬਰੀ ਹੈ ਪਰ ਆਮਦਨ ਦੀ ਨਾਬਰਾਬਰੀ ਨਹੀਂ। ਇਹੋ ਵਜ੍ਹਾ ਹੈ ਕਿ ਉੱਥੇ ਨਾ ਕੋਈ ਡਰਾਈਵਰ ਰੱਖਦਾ ਹੈ ਅਤੇ ਨਾ ਵੱਖਰਾ ਨੌਕਰ। ਜੇ ਆਮਦਨ ਦੀ ਨਾਬਰਾਬਰੀ ਹੈ ਤਾਂ ਉਹ ਨਾਮਾਤਰ ਹੀ ਹੈ। ਇਕ ਫੈਕਟਰੀ ਵਿੱਚ ਕੰਮ ਕਰਨ ਵਾਲੇ ਕਿਰਤੀ, ਸੁਪਰਵਾਈਜ਼ਰ ਅਤੇ ਮੈਨੇਜਰ ਦੀ ਆਮਦਨ ਵਿੱਚ ਮਾਮੂਲੀ ਫ਼ਰਕ ਹੈ। ਇਹ ਗੱਲ ਵੀ ਵੇਖੀ ਗਈ ਹੈ ਕਿ ਹੱਥੀ ਕਿਰਤ ਕਰਨ ਵਾਲਿਆਂ ਦੀ ਕਈ ਥਾਵਾਂ 'ਤੇ ਸਹੀ ਸਰਕਾਰੀ ਬਾਬੂਆਂ ਨਾਲੋਂ ਜ਼ਿਆਦਾ ਤਨਖ਼ਾਹ ਹੈ। ਇਸ ਤਰ੍ਹਾਂ ਦੀ ਆਮਦਨ ਬਰਾਬਰੀ ਤੋਂ ਬਗ਼ੈਰ ਵਿਕਾਸ ਹੋ ਹੀ ਨਹੀਂ ਸਕਦਾ ਜਿਹੜਾ ਠੋਸ ਤਰਕ 'ਤੇ ਆਧਾਰਤ ਹੈ।

ਜਦੋਂ ਇਕ ਤਰਫ ਥੋੜ੍ਹੀ ਗਿਣਤੀ ਵਿੱਚ ਬਹੁਤ ਅਮੀਰ ਅਤੇ ਦੂਸਰੀ ਤਰਫ ਬਹੁਤ ਵੱਡੀ ਗਿਣਤੀ ਵਿੱਚ ਗਰੀਬ ਲੋਕ ਹੁੰਦੇ ਹਨ ਤਾਂ ਅਮੀਰਾਂ ਕੋਲ ਤਾਂ ਇੰਨੀ ਆਮਦਨ ਹੁੰਦੀ ਹੈ ਕਿ ਉਹ ਆਪਣੀ ਥੋੜ੍ਹੀ ਜਿਹੀ ਆਮਦਨ ਨਾਲ ਆਪਣੀਆਂ ਲੋੜਾਂ ਪੂਰੀਆਂ ਕਰ ਲੈਂਦੇ ਹਨ ਅਤੇ ਬਾਕੀ ਧਨ ਜਮ੍ਹਾ ਪਿਆ ਰਹਿੰਦਾ ਹੈ। ਜਿਹੜਾ ਧਨ ਨਹੀਂ ਵਰਤਿਆ ਜਾਂਦਾ, ਉਸ ਨਾਲ ਵਸਤਾਂ ਅਤੇ ਸੇਵਾਵਾਂ ਖ਼ਰੀਦੀਆਂ ਨਹੀਂ ਜਾਂਦੀਆਂ। ਜਦੋਂ ਪਹਿਲੀਆਂ ਵਸਤਾਂ ਅਤੇ ਸੇਵਾਵਾਂ ਹੀ ਨਹੀਂ ਖ਼ਰੀਦੀਆਂ ਗਈਆਂ ਜਾਂ ਨਹੀਂ ਵਿਕੀਆਂ ਤਾਂ ਨਵੀਆਂ ਬਣਾਉਣ ਦੀ ਲੋੜ ਹੀ ਨਹੀਂ ਰਹਿੰਦੀ। ਇਸ ਕਰਕੇ ਕਿਸੇ ਨਵੇਂ ਰੁਜ਼ਗਾਰ ਪੈਦਾ ਹੋਣ ਦੀ ਲੋੜ ਹੀ ਨਹੀਂ ਰਹਿੰਦੀ। ਸਗੋਂ ਪਹਿਲਾਂ ਰੁਜ਼ਗਾਰ 'ਤੇ ਲੱਗੇ ਲੋਕਾਂ ਦੀ ਗਿਣਤੀ ਘਟਾਈ ਜਾਵੇਗੀ ਜਾਂ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਵੇਗਾ, ਤਨਖ਼ਾਹਾਂ ਘਟਾਈਆਂ ਜਾਣਗੀਆਂ ਜਿਸ ਨਾਲ ਜਿੱਥੇ ਪਹਿਲਾਂ ਹੀ ਉਹ ਆਪਣੀਆਂ ਜ਼ਰੂਰਤਾਂ ਮੁਸ਼ਕਲ ਨਾਲ ਪੂਰੀਆਂ ਕਰਦੇ ਹਨ, ਉਹ ਹੋਰ ਘੱਟ ਵਸਤਾਂ ਅਤੇ ਸੇਵਾਵਾਂ ਖ਼ਰੀਦਣਗੇ ਕਿਉਂ ਜੋ ਉਨ੍ਹਾਂ ਦੀ ਆਮਦਨ ਘੱਟ ਗਈ ਹੈ। ਇਸ ਪ੍ਰਕਾਰ ਇਸ ਤਰ੍ਹਾਂ ਦੀ ਨਾਬਰਾਬਰੀ ਵਾਲੀ ਅਰਥਵਿਵਸਥਾ ਵਿਚ ਨਾ ਰੁਜ਼ਗਾਰ ਵਧੇਗਾ, ਨਾ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਹੋਵੇਗਾ ਅਤੇ ਨਾ ਖ਼ੁਸ਼ਹਾਲੀ ਜਾਂ ਵਿਕਾਸ ਪੈਦਾ ਹੋਵੇਗਾ। ਇਹ ਆਮਦਨ ਨਾਬਰਾਬਰੀ ਜਿੱਥੇ ਵਿਕਾਸ ਵਿੱਚ ਰੁਕਾਵਟ ਹੈ, ਉੱਥੇ ਹੀ ਇਹ ਸਮਾਜਿਕ ਬੁਰਾਈਆਂ ਦੀ ਜੜ੍ਹ ਹੈ।

ਸਮਾਜਿਕ ਬੁਰਾਈਆਂ ਘਟਣ ਦੀ ਬਜਾਏ ਵਧਦੀਆਂ ਹਨ। ਭਾਰਤ ਵਿੱਚ ਦੁਨੀਆ ਭਰ ਤੋਂ ਵੱਧ 3 ਕਰੋੜ ਬੱਚੇ ਬਾਲ ਕਿਰਤ ਕਰਦੇ ਹਨ ਜਿਹੜੀ ਉਨ੍ਹਾਂ ਦੀ ਮਜਬੂਰੀ ਬਣੀ ਹੋਈ ਹੈ ਕਿਉਂ ਜੋ ਬਾਲਗਾਂ ਲਈ ਤਾਂ ਰੁਜ਼ਗਾਰ ਨਹੀਂ ਜਦਕਿ ਬੱਚਿਆਂ ਲਈ ਵਾਧੂ ਰੁਜ਼ਗਾਰ ਹੈ। ਅਸਲ ਵਿੱਚ ਇਨ੍ਹਾਂ ਬੱਚਿਆਂ ਕੋਲੋਂ ਵੀ ਬਾਲਗਾਂ ਜਿੰਨਾ ਕੰਮ ਲੈ ਲਿਆ ਜਾਂਦਾ ਹੈ ਜਦਕਿ ਨਿਗੂਣੀ ਜਿਹੀ ਤਨਖ਼ਾਹ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਗੱਲਾਂ ਵੀ ਸਾਹਮਣੇ ਆਈਆਂ ਹਨ ਕਿ ਕਈ ਬੱਚੇ ਬਾਪ ਵੱਲੋਂ ਲਏ ਕਰਜ਼ੇ ਦੇ ਵਿਆਜ ਵਿੱਚ ਵੀ ਕੰਮ ਕਰਦੇ ਜਾਂਦੇ ਹਨ। ਬੱਚਿਆਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੀ ਕਿੰਨੀ ਤਨਖ਼ਾਹ ਹੈ। ਉਹ ਸੂਰਜ ਚੜ੍ਹਨ ਤੋਂ ਪਹਿਲਾਂ ਤੋਂ ਲੈ ਕੇ, ਦੇਰ ਰਾਤ ਤੱਕ ਕੰਮ ਕਰਦੇ ਹਨ ਅਤੇ ਇਹ ਚੱਕਰ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਜਾ ਰਿਹਾ ਹੈ। ਦੇਸ਼ ਨੂੰ ਸੁਤੰਤਰਤਾ ਮਿਲਣ ਦੇ ਸਮੇਂ ਭਾਰਤ ਵਿੱਚ ਕੋਈ ਇਕ ਕਰੋੜ ਬੱਚੇ ਕਿਰਤ ਕਰਦੇ ਹਨ ਜਿਹੜੇ ਹੁਣ 3 ਕਰੋੜ ਹੋ ਗਏ ਹਨ ਅਤੇ ਵਧਦੇ ਜਾਂਦੇ ਹਨ। ਭਾਰਤ ਵਿੱਚ 76 ਸਾਲਾਂ ਦੀ ਸੁਤੰਤਰਤਾ ਤੋਂ ਬਾਅਦ ਵੀ 100 ਫ਼ੀਸਦੀ ਸਾਖ਼ਰਤਾ ਦਰ ਨਹੀਂ ਹੋ ਸਕੀ। ਅਜੇ ਵੀ 100 ਵਿੱਚੋਂ 26 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਵਿੱਦਿਆ ਛੱਡ ਜਾਂਦੇ ਹਨ, ਭਾਵੇਂ 8ਵੀਂ ਜਮਾਤ ਜਾਂ 14 ਸਾਲ ਦੀ ਉਮਰ ਤੱਕ ਵਿੱਦਿਆ ਮੁਫ਼ਤ ਵੀ ਹੈ ਅਤੇ ਲਾਜ਼ਮੀ ਵੀ। ਜਿਹੜੇ ਬੱਚੇ ਅੱਧ-ਵਿਚਾਲੇ ਛੱਡ ਜਾਂਦੇ ਹਨ, ਉਹ ਘਰਾਂ ਵਿੱਚ ਜਾ ਕੇ ਮੌਜ-ਮੇਲਾ ਨਹੀਂ ਕਰਦੇ, ਉਹ ਸਭ ਕਿਸੇ ਨਾਂ ਕਿਸੇ ਕੰਮ 'ਤੇ ਲੱਗ ਜਾਂਦੇ ਹਨ। ਇਹੋ ਬੱਚੇ ਭੱਠਿਆਂ 'ਤੇ, ਘਰਾਂ ਵਿੱਚ, ਫੈਕਟਰੀਆਂ ਅਤੇ ਢਾਬਿਆਂ 'ਤੇ ਲੱਗੇ ਆਮ ਵੇਖੇ ਜਾ ਸਕਦੇ ਹਨ। ਇਹ ਬਾਤ ਕਿਰਤ ਦੀ ਬੁਰਾਈ ਜਿਸ ਵਿੱਚ ਵੱਡਾ ਸ਼ੋਸ਼ਣ ਕੀਤਾ ਜਾਂਦਾ ਹੈ, ਉਹ ਆਮਦਨ ਨਾਬਰਾਬਰੀ ਦੀ ਉਪਜ ਹੈ। ਕਿਰਤ ਦੇ ਸ਼ੋਸ਼ਣ ਦੀ ਜੜ੍ਹ ਨਾਬਰਾਬਰੀ ਹੈ। ਨਸ਼ੇ, ਚੋਰੀਆਂ ਤੇ ਠੱਗੀਆਂ ਆਦਿ ਬੁਰਾਈਆਂ ਵੀ ਆਮਦਨ ਨਾਬਰਾਬਰੀ ਕਰਕੇ ਜ਼ਿਆਦਾ ਵਧਦੀਆਂ ਹਨ। ਆਮ ਤੌਰ 'ਤੇ ਨੌਜਵਾਨ ਬੱਚੇ ਜਦੋਂ ਬੇਰੁਜ਼ਗਾਰ ਹੋ ਜਾਂਦੇ ਹਨ ਤਾਂ ਉਹ ਨਸ਼ਿਆਂ ਨੂੰ ਇਕ ਸਹਾਰਾ ਸਮਝਦੇ ਹਨ। ਇਹ ਗੱਲ ਬਹੁਤ ਵਾਰ ਕਈ ਸੈਮੀਨਾਰਾਂ, ਗੋਸ਼ਟੀਆਂ ਅਤੇ ਲਿਖਤਾਂ ਵਿੱਚ ਆਈ ਹੈ ਕਿ ਨਸ਼ੇ ਦੀ ਬੁਰਾਈ ਦੀ ਵੱਡੀ ਜੜ੍ਹ ਬੇਰੁਜ਼ਗਾਰੀ ਹੈ। ਭਾਵੇਂ ਭਾਰਤ ਵਿੱਚ ਆਮਦਨ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਵੇਖਿਆ ਗਿਆ ਸੀ ਪਰ ਇਹ ਨਾਬਰਾਬਰੀ ਸਮੇਂ ਨਾਲ ਵਧੀ ਹੈ।

ਇਕ ਰਿਪੋਰਟ ਅਨੁਸਾਰ ਉੱਪਰ ਦੀ ਆਮਦਨ ਵਾਲੀ 10 ਫ਼ੀਸਦੀ ਵਸੋਂ ਕੋਲ ਦੇਸ਼ ਦਾ 75 ਫ਼ੀਸਦੀ ਧਨ ਹੈ। ਨੌਂ ਅਰਬਪਤੀਆਂ ਕੋਲ ਇੰਨਾ ਧਨ ਹੈ ਕਿ ਹੇਠਾਂ ਦੀ ਆਮਦਨ ਵਾਲੀ 50 ਫ਼ੀਸਦੀ ਵਸੋਂ ਕੋਲ ਇੰਨਾ ਧਨ ਹੈ। ਇਕ ਹੋਰ ਰਿਪੋਰਟ ਵਿੱਚ ਇਹ ਆਇਆ ਹੈ ਕਿ ਉੱਪਰ ਦੀ ਆਮਦਨ ਵਾਲੀ ਇਕ ਫ਼ੀਸਦੀ ਵਸੋਂ ਕੋਲ 45 ਫ਼ੀਸਦੀ ਧਨ ਹੈ। ਭਾਵੇਂ ਵਿਕਸਤ ਦੇਸ਼ਾਂ ਵਿੱਚ ਜਿੱਥੇ ਸਮਾਜਵਾਦੀ ਪ੍ਰਬੰਧ ਨਹੀਂ ਅਪਣਾਇਆ ਗਿਆ, ਉੱਥੇ ਆਮਦਨ ਬਰਾਬਰੀ ਟੈਕਸ ਪ੍ਰਣਾਲੀ ਨਾਲ ਪੈਦਾ ਕੀਤੀ ਗਈ ਹੈ। ਉਪਰਲੀ ਆਮਦਨ ਦੀਆਂ ਸਲੈਬਾਂ 'ਤੇ90 ਫ਼ੀਸਦੀ ਤੋਂ ਵੱਧ ਟੈਕਸ ਹੈ। ਟੈਕਸੇਸ਼ਨ ਪ੍ਰਣਾਲੀ ਨੂੰ ਇੰਨਾ ਪੱਕਾ ਅਤੇ ਪ੍ਰਭਾਵਸ਼ਾਲੀ ਬਣਾਇਆ ਹੋਇਆ ਹੈ ਕਿ ਟੈਕਸ ਚੋਰੀ ਦੇ ਮੌਕੇ ਪੈਦਾ ਨਹੀਂ ਹੋਣ ਦਿੱਤੇ ਜਾਂਦੇ। ਇਸ ਤਰ੍ਹਾਂ ਦੇ ਪ੍ਰਬੰਧ ਹੋਣੇ ਚਾਹੀਦੇ ਹਨ ਜਿਨ੍ਹਾਂ ਨਾਲ ਆਮਦਨ ਨਾਬਰਾਬਰੀ ਪੈਦਾ ਹੀ ਨਾ ਹੋਵੇ।





**ਪੰਜਾਬ ਅਤੇ ਚੰਡੀਗੜ੍ਹ ਵਿਚ ਦਸੰਬਰ ਮਹੀਨੇ ਗੁਲਦੋਦੀ ਫੁੱਲਾਂ ਦੀਆਂ ਨੁਮਾਇਸ਼ਾਂ ਅਤੇ ਮੁਕਾਬਲੇ, ਵੱਖ-ਵੱਖ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਹਨ**

## ਪਾਰਕਾਂ ਅਤੇ ਘਰੇਲੂ ਗਮਲਿਆਂ ਵਿੱਚ

# ਗੁਲਦੋਦੀ ਲਗਾਉਣ ਦਾ ਢੁੱਕਵਾਂ ਸਮਾਂ

"ਗੁਲਦੋਦੀ ਇੱਕ ਬਹੁਤ ਹੀ ਮਹੱਤਵਪੂਰਨ ਫੁੱਲਾਂ ਦੀ ਕਿਸਮ ਹੈ। ਪੰਜਾਬ ਵਿੱਚ ਇਸ ਦੀਆਂ ਰੂਟਿਡ ਕਟਿੰਗ ਜੁਲਾਈ-ਅਗਸਤ ਮਹੀਨੇ ਪਾਰਕਾਂ ਅਤੇ ਘਰੇਲੂ ਗਮਲਿਆਂ ਵਿੱਚ ਅਸਾਨੀ ਨਾਲ ਲਗਾਈਆਂ ਜਾ ਸਕਦੀਆਂ ਹਨ। ਇਹ ਅਕਤੂਬਰ ਤੋਂ ਦਸੰਬਰ ਤੱਕ ਫੁੱਲਾਂ ਦੀ ਬਹਾਰ ਦਿੰਦੀ ਹੈ।"

ਗੁਲਦੋਦੀ ਇੱਕ ਬਹੁਤ ਹੀ ਮਹੱਤਵਪੂਰਨ ਫੁੱਲਾਂ ਦੀ ਕਿਸਮ ਹੈ। ਪੰਜਾਬ ਵਿੱਚ ਇਸ ਦੀਆਂ ਰੂਟਿਡ ਕਟਿੰਗ ਜੁਲਾਈ-ਅਗਸਤ ਮਹੀਨੇ ਪਾਰਕਾਂ ਅਤੇ ਘਰੇਲੂ ਗਮਲਿਆਂ ਵਿੱਚ ਅਸਾਨੀ ਨਾਲ ਲਗਾਈਆਂ ਜਾ ਸਕਦੀਆਂ ਹਨ। ਇਹ



**ਡਾ: ਸਵਰਨ ਸਿੰਘ ਮਾਨ,**
**ਸਾਬਕਾ ਡਿਪਟੀ ਡਾਇਰੈਕਟਰ**
**ਬਾਗਬਾਨੀ ਪਟਿਆਲਾ**
ਮੋ: 75080-18903

ਅਕਤੂਬਰ ਤੋਂ ਦਸੰਬਰ ਤੱਕ ਫੁੱਲਾਂ ਦੀ ਬਹਾਰ ਦਿੰਦੀ ਹੈ। ਪੰਜਾਬ ਅਤੇ ਚੰਡੀਗੜ੍ਹ ਵਿਚ ਦਸੰਬਰ ਮਹੀਨੇ ਗੁਲਦੋਦੀ ਫੁੱਲਾਂ ਦੀਆਂ ਨੁਮਾਇਸ਼ਾਂ ਅਤੇ ਮੁਕਾਬਲੇ, ਵੱਖ-ਵੱਖ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਹਨ, ਜਿਸ ਵਿਚ ਤੁਸੀਂ ਭਾਗ ਲੈ ਕੇ ਇਨਾਮ ਜਿੱਤ ਸਕਦੇ ਹੋ। ਨੌਜਵਾਨ ਲੜਕੇ ਲੜਕੀਆਂ ਇਹ ਕੰਮ ਵਪਾਰਕ ਪੱਖ ਤੋਂ ਵੀ ਕਰ ਸਕਦੇ ਹਨ। ਗੁਲਦੋਦੀ ਫੁੱਲਾਂ ਨਾਲ ਭਰਿਆ ਗਮਲਾ 200 ਤੋਂ 300 ਰੁਪਏ ਤੱਕ ਵਿਕ ਜਾਂਦਾ ਹੈ। ਇਹ ਗਮਲੇ ਪ੍ਰਾਈਵੇਟ ਵਿਅਕਤੀ, ਪ੍ਰਾਈਵੇਟ ਸੰਸਥਾਵਾਂ ਅਤੇ ਬੈਂਕ/ਦਫਤਰ ਆਦਿ ਵਾਲੇ ਖਰੀਦ ਲੈਂਦੇ ਹਨ। ਗੁਲਦੋਦੀ ਦੀਆਂ 2 ਕਿਸਮਾਂ ਹੁੰਦੀਆਂ ਹਨ - ਸਟੈਂਡਰਡ ਅਤੇ ਸਪਰੇ। ਸਟੈਂਡਰਡ ਅਤੇ ਸਪਰੇ ਕਿਸਮਾਂ ਦੀਆਂ ਵੱਖ-ਵੱਖ ਰੰਗਾਂ ਦੀਆਂ ਵਰਾਇਟੀਆਂ ਹੁੰਦੀਆਂ ਹਨ। ਸਪਰੇ ਗੁਲਦੋਦੀ ਦੇ ਫੁੱਲਾਂ ਦੀ ਵਰਤੋਂ ਬੁੱਕੇ, ਹਾਰ, ਲੜੀਆਂ, ਕੱਟ ਫਲਾਵਰ ਅਤੇ ਫਲਾਵਰ ਅਰੇਜਮੈਂਟ ਆਦਿ ਵਿੱਚ ਬਹੁਤ ਮਾਤਰਾ ਵਿੱਚ ਕੀਤੀ ਜਾਂਦੀ ਹੈ। ਗੁਲਦੋਦੀ ਦੇ ਵਧੀਆ ਕਿਸਮ ਦੇ ਫੁੱਲ ਲੈਣ ਲਈ ਤਕਨੀਕੀ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਤਕਨੀਕੀ ਜਾਣਕਾਰੀ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਨੂੰ ਮਿਲ ਕੇ ਮੁਫਤ ਪ੍ਰਾਪਤ ਕੀਤੀ ਜਾ ਸਕਦੀ ਹੈ। ਸਟੈਂਡਰਡ ਵਰਾਇਟੀਆਂ ਵਿਚ ਸਿੰਗਲ ਸਟਿਮ ਰੱਖ ਕੇ disbudding / ਸਾਈਡ ਬਡਜ਼ ਤੋੜਨੇ ਪੈਂਦੇ ਹਨ ਅਤੇ ਇਸੇ ਤਰ੍ਹਾਂ ਸਪਰੇ ਵਰਾਇਟੀਆਂ ਵਿਚ ਜ਼ਿਆਦਾ ਫੁੱਲ ਲੈਣ ਲਈ ਟਰਮੀਨਲ ਬਡਜ਼ ਦੀ ਪੈਨਚਿੰਗ (ਤੋੜਨਾ) ਕਰਨੀ ਪੈਂਦੀ ਹੈ ਤਾਂ ਕਿ ਵੱਧ ਤੋਂ ਵੱਧ ਨਵੀਆਂ ਟਾਹਣੀਆਂ ਪ੍ਰਾਪਤ ਕੀਤੀਆਂ ਜਾ ਸਕਣ। ਸਮੇਂ-ਸਮੇਂ ਤੇ ਗੋਡੀ, ਖਾਦ ਪਾਉਣੀ ਅਤੇ ਕੀੜੇਮਾਰ / ਬਿਮਾਰੀਆਂ ਤੋਂ ਬਚਾਅ ਲਈ ਸਪਰੇ ਕਰਨੀ ਪੈਂਦੀ ਹੈ।

ਗਮਲਿਆਂ ਵਿਚ ਗੁਲਦੋਦੀ ਤਿਆਰ ਕਰਨ ਲਈ ਪਹਿਲਾਂ ਮਿੱਟੀ ਦਾ ਮਿਕਸਰ ਤਿਆਰ ਕੀਤਾ ਜਾਂਦਾ ਹੈ, ਜਿਸ ਵਿਚ ਇਕ ਹਿੱਸਾ ਖੇਤ ਦੀ ਮਿੱਟੀ, ਇਕ ਹਿੱਸਾ ਚੰਗੀ ਤਰ੍ਹਾਂ ਗਲੀ ਹੋਈ ਰੂੜੀ ਦੀ ਖਾਦ ਜਾਂ ਗੰਡੋਇਆਂ ਦੀ ਖਾਦ ਅਤੇ ਇਕ ਹਿੱਸਾ ਪੱਤਿਆਂ ਦੀ ਖਾਦ ਹੋਣੀ ਚਾਹੀਦੀ ਹੈ। ਗਮਲੇ 10" ਜਾਂ 12" ਸਾਈਜ਼ ਦੇ ਹੋ ਸਕਦੇ ਹਨ। ਇਕ ਕਿਊਬਿਕ ਮੀਟਰ ਮਿੱਟੀ ਦੇ ਮਿਕਸਰ ਵਿਚ 2 ਕਿਲੋ ਮਿਕਚਰ ਕਿਸਾਨ ਖਾਦ (CAN), ਸਿੰਗਲ ਸੁਪਰਫਾਸਫੇਟ (SSP) ਅਤੇ ਮਿਊਰੇਟ ਆਫ ਪੋਟਾਸ਼ (MOP) (2:2:1) ਦੇ ਅਨੁਪਾਤ ਵਿਚ ਪਾਉਣਾ ਚਾਹੀਦਾ ਹੈ। ਜਦੋਂ ਤੱਕ ਫੁੱਲਾਂ ਦੀ ਬਹਾਰ ਖਤਮ ਨਹੀਂ ਹੁੰਦੀ, ਰੂਟ ਸਕਰਜ਼ ਤੋੜਦੇ ਰਹਿਣਾ ਚਾਹੀਦਾ ਹੈ, ਨਹੀਂ ਤਾਂ ਫੁੱਲਾਂ ਦੀ ਕੁਆਲਿਟੀ ਚੰਗੀ ਨਹੀਂ ਹੋਵੇਗੀ।

ਸਟੈਂਡਰਡ ਵਰਾਇਟੀਆਂ ਵਿੱਚ ਤਣੇ ਨੂੰ ਸਪੋਰਟ ਦੇਣ ਲਈ ਇਕ ਕਾਨੇ ਜਾਂ ਬਾਂਸ ਦੀ ਸਟਿਕ ਦੀ ਜ਼ਰੂਰਤ ਪੈਂਦੀ ਹੈ ਅਤੇ ਸਪਰੇ ਵਰਾਇਟੀਆਂ ਵਿੱਚ 3 ਜਾਂ 4 ਕਾਨੇ ਜਾਂ ਬਾਂਸ ਸਟਿਕ ਦੀ ਜ਼ਰੂਰਤ ਪੈਂਦੀ ਹੈ। ਫਿਰ ਇਹ ਸੇਬੇ ਜਾਂ ਪਤਲੀ ਰੱਸੀ ਨਾਲ ਕਾਨੇ ਜਾਂ ਬਾਂਸ ਸਟਿਕ ਦੇ ਆਲੇ-ਦੁਆਲੇ ਬੰਨ੍ਹਿਆ ਜਾਂਦਾ ਹੈ ਤਾਂ ਕਿ ਫੁੱਲਾਂ ਦੀਆਂ ਟਾਹਣੀਆਂ ਨੀਚੇ ਨਾ ਡਿੱਗਣ। ਫੁੱਲਾਂ ਦੇ ਸਾਈਜ਼, ਸ਼ੇਪ (Shape) ਅਤੇ ਨੰਬਰ ਦੇ ਅਧਾਰ ਤੇ ਗੁਲਦੋਦੀ ਨੂੰ ਹੇਠ ਲਿਖੇ ਵੱਖ-ਵੱਖ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ।

(1) ਇਨਕਰਵਡ (Incurved) : ਫੁੱਲਾਂ ਦੀਆਂ ਪੱਤੀਆ ਉਪਰ ਅਤੇ ਹੇਠਾਂ ਵੱਲ ਮੁੜੀਆਂ ਹੁੰਦੀਆਂ ਹਨ ਅਤੇ ਇਕ ਬਾਲ ਦੀ ਸ਼ਕਲ ਬਣ ਜਾਂਦੀ ਹੈ।

(2) ਇਨਕਰਵਿੰਗ (Incurving) : ਫੁੱਲਾਂ ਦੀਆਂ ਪੱਤੀਆਂ ਲੂਜ਼ ਅਤੇ ਬੇਤਰਤੀਬ ਵਿਚ ਹੁੰਦੀਆਂ ਹਨ ਅਤੇ ਬਾਲ ਨਹੀਂ ਬਣਦੀ।

(3) ਐਨੀਮੋਨ (Anemone) : ਫੁੱਲਾਂ ਦੀਆਂ ਪੱਤੀਆਂ ਦੀ ਫਲੈਟ ਡਿਸਕ ਬਣ ਜਾਂਦੀ ਹੈ।

(4) ਸਿੰਗਲ ਕੋਰੀਅਨ (Single Korean) : ਫੁੱਲਾਂ ਦੀਆਂ ਪੱਤੀਆਂ ਦੀ ਪ੍ਰਮੁੱਖ ਸੈਂਟਰਲ ਡਿਸਕ ਬਣਾਉਂਦੀਆਂ ਹਨ।

(5) ਡਬਲ ਕੋਰੀਅਨ (Double Korean) : ਸੈਂਟਰਲ ਡਿਸਕ ਬਹੁਤ ਪ੍ਰੋਮੀਨੈਂਟ ਨਹੀਂ ਹੁੰਦੀ।

(6) ਪੋਮਪਨ (Pompen) : ਛੋਟੀਆਂ ਫੁੱਲ ਪੱਤੀਆਂ, ਡਿਸਕ ਨਾਂ ਦੇ ਬਰਾਬਰ ਹੁੰਦੀ ਹੈ। ਫੁੱਲ ਪੱਤੀਆਂ ਤਰਤੀਬ ਵਿਚ ਹੋ ਕੇ ਕਮਪੈਕਟ ਹੋਮੀ ਸਫੈਰੀਕਲ ਸ਼ਕਲ ਬਣਾਉਂਦੀਆਂ ਹਨ।

(7) ਸਪੂਨ (Spoon) : ਫੁੱਲ ਪੱਤੀਆਂ ਚਮਚ ਦੀ ਤਰ੍ਹਾਂ ਸ਼ਕਲ ਬਣਾਉਂਦੀਆਂ ਹਨ।

(8) ਬਟਨ (Button) : 2-3 ਸੈਂਟੀਮੀਟਰ ਛੋਟੀਆਂ ਫੁੱਲ ਪੱਤੀਆਂ ਕਮਪੈਕਟ ਹੋਮੀਸਫੈਰੀਕਲ ਦੀ ਸ਼ਕਲ ਬਣਾਉਂਦੀਆਂ ਹਨ।

(9) ਸਪਾਈਡਰ (Spider) : ਇਸ ਦੀਆਂ ਫੁੱਲ ਪੱਤੀਆਂ ਮੱਕੜੀ ਦੀ ਤਰ੍ਹਾਂ ਸ਼ਕਲ ਬਣਾਉਂਦੀਆਂ ਹਨ।

(10) ਰੈਫਲੈਕਸਡ (Reflexed) : ਫੁੱਲ ਪੱਤੀਆਂ ਹੇਠਾਂ ਵੱਲ ਮੁੜੀਆਂ ਹੁੰਦੀਆਂ ਹਨ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069



### ਗੁਲਦੌਦੀ ਨੂੰ ਕਾਮਯਾਬੀ ਨਾਲ ਤਿਆਰ ਕਰਨ ਲਈ ਨੁਕਤੇ ਅਤੇ ਸਾਵਧਾਨੀਆਂ

1. ਗੁਲਦੌਦੀ ਨੂੰ ਤਿਆਰ ਕਰਦੇ ਸਮੇਂ 5-6 ਘੰਟੇ ਧੁੱਪ ਦਾ ਹੋਣਾ ਬਹੁਤ ਜ਼ਰੂਰੀ ਹੈ।
2. ਗੁਲਦੌਦੀ ਦੇ ਬੂਟਿਆਂ ਵਿਚ ਬਾਰਸ਼ ਦਾ ਪਾਣੀ ਜ਼ਿਆਦਾ ਦੇਰ ਨਹੀਂ ਖੜਨਾ ਚਾਹੀਦਾ।
3. ਜ਼ਿਆਦਾ ਅਤੇ ਵਧੀਆ ਕਿਸਮ ਦੇ ਫੁੱਲ ਲੈਣ ਲਈ ਸਰ੍ਹੋਂ ਦੀ ਖਲ ਜਾਂ ਬੋਨ ਮੀਲ 15-20 ਦਿਨਾਂ ਦੇ ਫਰਕ ਨਾਲ ਪਾ ਦੇਣੀ ਚਾਹੀਦੀ ਹੈ।
4. ਤਣੇ ਉੱਤੇ ਜੇਕਰ ਸੁੱਕੇ ਪੱਤੇ ਦਿਖਾਈ ਦਿੰਦੇ ਹਨ ਤਾਂ ਉਹਨਾਂ ਤੋੜ ਦੇਣਾ ਚਾਹੀਦਾ ਹੈ। ਨਹੀਂ ਤਾਂ ਉੱਲੀ ਰੋਗ ਲੱਗ ਜਾਦੇ ਹਨ। ਉੱਲੀ ਰੋਗਾਂ ਤੋਂ ਬਚਾਅ ਲਈ ਬਾਵਿਸਟਨ 1 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰ ਦੇਵੋ।
5. ਸੀਜ਼ਨ ਦੇ ਅਖੀਰ ਵਿਚ ਮੁਰਝਾਏ ਹੋਏ ਫੁੱਲ ਤੋੜ ਦੇਣੇ ਚਾਹੀਦੇ ਹਨ, ਫਿਰ ਹੋਰ ਨਵੀਆਂ ਬਣ ਰਹੀਆਂ ਬਡਜ਼ ਜਲਦੀ ਖਿਲ ਜਾਣਗੀਆਂ।
6. Blooming ਸਟੇਜ ਤੇ ਫੁੱਲਾਂ ਨੂੰ ਪਾਣੀ ਨਹੀਂ ਲੱਗਣਾ ਚਾਹੀਦਾ, ਨਹੀਂ ਤਾਂ ਫੁੱਲ ਜਲਦੀ ਖਰਾਬ ਹੋ ਜਾਣਗੇ।
7. ਕੀੜੇ ਮਕੌੜੇ ਤੋਂ ਬਚਾਅ ਲਈ 2 ਮਿਲੀਲਿਟਰ ਨੀਮ ਆਇਲ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰ ਸਕਦੇ ਹੋ।
8. ਸਰਕਾਰੀ ਜਾਂ ਪ੍ਰਾਈਵੇਟ ਸਮਾਗਮਾਂ ਵਿਚ ਮੁੱਖ ਮਹਿਮਾਨ ਨੂੰ ਬੁਕੇ ਦੇਣ ਦੇ ਬਜਾਏ ਗੁਲਦੌਦੀ ਪੋਟ ਦਿੱਤਾ ਜਾ ਸਕਦਾ, ਜੋ ਕਿ ਇੱਕ-ਡੇਢ ਮਹੀਨਾ ਫੁੱਲ ਦੇਵੇਗਾ।

**ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਰਾਂ ਨਾਲ ਸੰਪਰਕ ਕਰ ਸਕਦੇ ਹੋ।**

# ਕੁਦਰਤ ਤੇ ਮਨੁੱਖ ਦਾ ਮੁੱਢ-ਕਦੀਮੀ ਰਿਸ਼ਤਾ

ਸਦੀਆਂ ਤੋਂ ਹੀ ਕੁਦਰਤ ਤੇ ਮਨੁੱਖ ਦਾ ਗਹਿਰਾ ਰਿਸ਼ਤਾ ਰਿਹਾ ਹੈ। ਜਨਮ ਤੋਂ ਲੈ ਕੇ ਆਖ਼ਰੀ ਸਾਹਾਂ ਤਕ ਰੁੱਖ ਮਨੁੱਖ ਦਾ ਸਾਥ ਦਿੰਦੇ ਹਨ। ਧਰਤੀ ਨੂੰ ਰਹਿਣਯੋਗ ਬਣਾਈ ਰੱਖਣ ਤੇ ਵਾਤਾਵਰਣ ਦੇ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਰੁੱਖਾਂ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦਰੱਖ਼ਤ ਧਰਤੀ ਦਾ ਸ਼ਿੰਗਾਰ ਹੁੰਦੇ ਹਨ। ਅੱਜ ਮਨੁੱਖ ਨੇ ਕੁਦਰਤ ਨੂੰ ਤਹਿਸ ਨਹਿਸ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਪਾਣੀ ਦੀ ਹੋ ਰਹੀ ਦੁਰਵਰਤੋਂ, ਘਰਾਂ ਵਿੱਚ ਲੱਗੇ ਏ. ਸੀ. ਜਿਹੜੇ ਵਾਤਾਵਰਣ ਵਿੱਚ ਤਪਸ਼ ਵਧਾ ਕੇ ਧਰਤੀ ਦਾ ਸੰਤੁਲਨ ਵਿਗਾੜ ਰਹੇ ਹਨ। ਕੁਦਰਤੀ ਸਰੋਤਾਂ ਦਾ ਦੁਰਉਪਯੋਗ ਲਗਾਤਾਰ ਹੋ ਰਿਹਾ ਹੈ। ਦਰੱਖ਼ਤ ਲਗਾਤਾਰ ਘਟਦੇ ਜਾ ਰਹੇ ਹਨ। ਵੱਡੇ ਵੱਡੇ ਜੰਗਲ ਹੁਣ ਖ਼ਤਮ ਹੋ ਰਹੇ ਹਨ, ਜਿਸ ਕਾਰਨ ਪੰਛੀਆਂ ਦੀ ਗਿਣਤੀ ਵੀ ਖ਼ਤਮ ਹੋਣ ਕਿਨਾਰੇ ਆ ਚੁੱਕੀ ਹੈ। ਕੁਦਰਤ ਦੇ ਉਲਟ ਚੱਲ ਕੇ ਅੱਜ ਮਨੁੱਖ ਨੇ ਆਪਣੇ ਲਈ ਅਨੇਕਾਂ ਸਮੱਸਿਆਵਾਂ ਸਹੇੜ ਲਈਆਂ ਹਨ। ਪਿਛਲੇ ਸਾਲ ਤੇਲੰਗਾਨਾ ਵਿਖੇ ਕਾਰਪੋਰੇਟ ਘਰਾਣਿਆਂ ਨੇ ਜੰਗਲਾਂ ਨੂੰ ਖ਼ਤਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਜੀਵ ਜੰਤੂ ਵੀ ਪ੍ਰਭਾਵਤ ਹੋਏ ਸਨ। ਫਿਰ ਵਾਤਾਵਰਣ ਪ੍ਰੇਮੀਆਂ ਨੇ ਅੱਗੇ ਆ ਕੇ ਜੀਵ ਜੰਤੂਆਂ ਦੀ ਰੱਖਿਆ ਕੀਤੀ ਸੀ। ਜੰਗਲਾਂ ਦੀ ਕਟਾਈ ਤੇ ਹਾਈਕੋਰਟ ਨੂੰ ਦਖ਼ਲ ਅੰਦਾਜ਼ੀ ਕਰਨੀ ਪਈ ਸੀ। ਨਵੰਬਰ ਵਿੱਚ ਅਰਾਵਲੀ ਪਰਬਤ ਸੁਰਖੀਆਂ ਵਿੱਚ ਰਿਹਾ ਹੈ। ਵਿਕਾਸ ਦੀ ਦੌੜ ਵਿੱਚ ਮਨੁੱਖ ਇੰਨਾ ਬੇਪ੍ਰਵਾਹ ਹੋ ਚੁੱਕਾ ਹੈ ਕਿ ਉਸ ਨੇ ਜ਼ਰਾ ਵੀ ਨਹੀਂ ਸੋਚਿਆ ਕਿ ਕੁਦਰਤ ਤੋਂ ਬਿਨਾਂ ਕੀ ਮਨੁੱਖ ਦਾ ਇੱਥੇ ਜੀਵਨ ਸੰਭਵ ਹੈ?

ਪਹਾੜੀ ਖੇਤਰਾਂ ਦੀ ਜੇ ਗੱਲ ਕਰੀਏ ਉੱਥੇ ਵੀ ਕੁਦਰਤ ਨੂੰ ਖ਼ਤਮ ਕਰਨ ਵਿੱਚ ਮਨੁੱਖ ਨੇ ਪੂਰੀ ਵਾਹ ਲਗਾ ਰੱਖੀ ਹੈ। ਦੋ ਕੁ ਸਾਲ ਪਹਿਲਾਂ ਉੱਤਰ ਕਾਸ਼ੀ ਵਿਖੇ ਕਈ ਮਕਾਨਾਂ ਵਿੱਚ ਤਰੇੜਾਂ ਆ ਗਈਆਂ ਸਨ। ਲਗਾਤਾਰ ਪਹਾੜਾਂ ਨੂੰ ਕੱਟ ਕੇ ਵੱਡੀਆਂ ਵੱਡੀਆਂ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ। ਹਿਮਾਚਲ ਪ੍ਰਦੇਸ਼ ਦਾ ਮੈਕਲੋਡ ਗੰਜ ਵੀ ਸੁਰਖੀਆਂ ਵਿੱਚ ਰਿਹਾ। 2012 ਵਿੱਚ ਜੋ ਹੜ੍ਹਾਂ ਕਾਰਨ ਉੱਤਰਾਖੰਡ ਵਿੱਚ ਨੁਕਸਾਨ ਹੋਇਆ, ਦਿਲ ਕੰਬਾਉਣ ਵਾਲਾ ਸੀ। ਮਨੁੱਖ ਫਿਰ ਵੀ ਨਹੀਂ ਸੰਭਲਿਆ। ਪਾਣੀ ਦੀ ਤੇਜ਼ ਰਫ਼ਤਾਰ ਵਿੱਚ ਗੱਡੀਆਂ ਖਿਡੌਣਿਆਂ ਵਾਂਗ ਰੁੜ੍ਹ ਗਈਆਂ ਸਨ। ਜਾਨ-ਮਾਲ ਦਾ ਬਹੁਤ ਨੁਕਸਾਨ ਹੋਇਆ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ। ਪਾਣੀ ਦੀ ਨਿਕਾਸੀ ਨਹੀਂ ਰਹੀ। ਦੋ ਕੁ ਸਾਲ ਪਹਿਲਾਂ ਮੋਹਾਲੀ ਜ਼ਿਲ੍ਹਾ ਖ਼ਬਰਾਂ ਵਿੱਚ ਰਿਹਾ। ਇੱਥੇ ਹੜ੍ਹਾਂ ਕਾਰਨ ਬਹੁਤ ਨੁਕਸਾਨ ਹੋਇਆ। ਅਸਮਾਨ ਛੂੰਹਦੇ ਫਲੈਟ, ਇਮਾਰਤਾਂ ਉਸਾਰ ਦਿੱਤੀਆਂ ਗਈਆਂ। ਨਦੀਆਂ ਨਾਲਿਆਂ ਵਿੱਚ ਫਲੈਟ ਬਣਾ ਦਿੱਤੇ ਗਏ। ਲੋਕਾਂ ਦੇ ਘਰਾਂ ਵਿੱਚ ਪਾਣੀ ਵੜ ਗਿਆ। ਗੱਡੀਆਂ ਦਾ ਬਹੁਤ ਨੁਕਸਾਨ ਹੋਇਆ। ਇਹ ਕਿਹੋ ਜਿਹਾ ਵਿਕਾਸ ਹੋ ਰਿਹਾ ਹੈ, ਜੋ ਵਿਨਾਸ਼ ਦਾ ਕਾਰਨ ਬਣ ਰਿਹਾ ਹੈ। ਸੜਕਾਂ ਦਾ ਲਗਾਤਾਰ ਜਾਲ ਵਿਛ ਰਿਹਾ ਹੈ। ਚਾਰ ਮਾਰਗੀ ਸੜਕਾਂ ਬਣਾਉਣ ਲਈ ਵੱਡੇ ਵੱਡੇ ਦਰੱਖ਼ਤ ਜੋ ਸਾਲਾਂ ਤੋਂ ਖੜ੍ਹੇ ਸਨ, ਉਨ੍ਹਾਂ 'ਤੇ ਕੁਹਾੜਾ ਚੱਲਿਆ। ਸਮੇਂ ਦੇ ਨਾਲ-ਨਾਲ ਵਿਕਾਸ ਹੋਣਾ ਜ਼ਰੂਰੀ ਹੈ। ਪਰ ਯੋਜਨਾਬੱਧ ਤਰੀਕੇ ਨਾਲ ਵਿਕਾਸ ਲਾਹੇਵੰਦ ਰਹਿੰਦਾ ਹੈ। ਨਵੇਂ ਰੁੱਖ ਲਗਾ ਕੇ ਇਹ ਘਾਟ ਪੂਰੀ ਕੀਤੀ ਜਾ ਸਕਦੀ ਹੈ।

ਬਰਸਾਤਾਂ ਦੇ ਮੌਸਮ ਦੌਰਾਨ ਕਈ ਸਮਾਜ ਸੇਵੀ, ਧਾਰਮਕ ਜਥੇਬੰਦੀਆਂ ਵਲੋਂ ਰੁੱਖ ਲਗਾਏ ਜਾਂਦੇ ਹਨ। ਸੰਤ ਬਲਬੀਰ



ਸਿੰਘ ਸੀਚੇਵਾਲ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਵਿੱਚ ਕਈ ਸਾਲਾਂ ਤੋਂ ਅਪਣਾ ਯੋਗਦਾਨ ਪਾ ਰਹੇ ਹਨ। ਸ਼ਲਾਘਾਯੋਗ ਉਪਰਾਲਾ ਹੈ, ਪਰ ਸਮੇਂ ਸਮੇਂ 'ਤੇ ਲਗਾਏ ਰੁੱਖਾਂ ਦੀ ਦੇਖਭਾਲ ਵੀ ਕਰਨੀ ਬਹੁਤ ਜ਼ਰੂਰੀ ਹੈ। ਅਕਸਰ ਰੁੱਖ ਅਜਿਹੀ ਥਾਂ 'ਤੇ ਲਗਾਏ ਜਾਣ ਜਿੱਥੇ ਉਨ੍ਹਾਂ ਨੂੰ ਕੋਈ ਜੰਗਲੀ ਜੀਵ ਜਾਂ ਆਵਾਰਾ ਪਸ਼ੂ ਨੁਕਸਾਨ ਨਾ ਪਹੁੰਚਾ ਸਕੇ। ਰੁੱਖ ਲਗਾ ਕੇ 'ਟਰੀ ਗਾਰਡ' ਦੀ ਵਿਵਸਥਾ ਜ਼ਰੂਰ ਹੋਣੀ ਚਾਹੀਦੀ ਹੈ। ਹਰ ਵਿਅਕਤੀ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਤੇ ਉਸ ਨੂੰ ਰੁੱਖਾਂ ਦੀ ਮਹੱਤਤਾ ਪ੍ਰਤੀ ਪਤਾ ਹੋਣਾ ਚਾਹੀਦਾ ਹੈ। ਅੱਜ ਸਮਾਜ ਨੂੰ ਪੂਰੀ ਸੁਹਿਰਦਤਾ ਨਾਲ ਯਤਨਸ਼ੀਲ ਹੋਣ ਦੀ ਲੋੜ ਹੈ। ਚੇਤੇ ਰੱਖਿਓ! ਰੁੱਖਾਂ ਬਿਨਾਂ ਜੀਵਨ ਸੰਭਵ ਨਹੀਂ ਹੈ।

**ਸੰਜੀਵ ਸਿੰਘ ਸੈਣੀ**
ਮੋਬਾਇਲ : 78889-66168



ਅੱਜ ਸ਼ਹਿਰੀ ਖੇਤਰ ਵਿੱਚ ਫ਼ੈਕਟਰੀਆਂ ਦੇ ਜ਼ਹਿਰੀਲੇ ਧੂੰਏਂ ਕਾਰਨ ਲੋਕਾਂ ਨੂੰ ਸਾਹ ਲੈਣ ਵਿੱਚ ਦਿੱਕਤ ਆ ਰਹੀ ਹੈ। ਅਸੀਂ ਰੁੱਖਾਂ ਦੀ ਮਹੱਤਤਾ ਨੂੰ ਭੁੱਲ ਚੁੱਕੇ ਹਾਂ। ਰੁੱਖ ਵਰਖਾ ਲਿਆਉਣ ਵਿੱਚ ਸਹਾਈ ਹੁੰਦੀ ਹਨ। ਰੁੱਖ ਹੀ ਪੰਛੀਆਂ ਲਈ ਰੈਣ ਬਸੇਰਾ, ਜ਼ਮੀਨ ਨੂੰ ਬੰਜਰ ਹੋਣ ਤੋਂ ਰੋਕਣਾ, ਠੰਢੀ ਛਾਂ, ਲੱਕੜ ਦਾ ਸਾਮਾਨ, ਸਾਫ਼ ਸੁਥਰੀ ਹਵਾ ਸਾਨੂੰ ਦਿੰਦੇ ਹਨ। ਤਾਜ਼ੀ ਆਕਸੀਜਨ ਦਿੰਦੇ ਹਨ। ਖੇਤਾਂ ਵਿੱਚ ਵਰਤੇ ਜਾਣ ਵਾਲੇ ਕੀਟਨਾਸ਼ਕ ਦਵਾਈਆਂ, ਵਾਹਨਾਂ ਰਾਹੀਂ ਕੀਤਾ ਜਾ ਰਿਹਾ ਪ੍ਰਦੂਸ਼ਣ ਵਾਤਾਵਰਣ ਨੂੰ ਪਲੀਤ ਕਰ ਰਿਹਾ ਹੈ।

ਬਰਸਾਤਾਂ ਦੇ ਮੌਸਮ ਦੌਰਾਨ ਕਈ ਸਮਾਜ ਸੇਵੀ, ਧਾਰਮਕ ਜਥੇਬੰਦੀਆਂ ਵਲੋਂ ਰੁੱਖ ਲਗਾਏ ਜਾਂਦੇ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਵਾਤਾਵਰਣ ਨੂੰ ਸਾਫ਼ ਸੁੱਥਰਾ ਰੱਖਣ ਵਿੱਚ ਕਈ ਸਾਲਾਂ ਤੋਂ ਅਪਣਾ ਯੋਗਦਾਨ ਪਾ ਰਹੇ ਹਨ। ਸ਼ਲਾਘਾਯੋਗ ਉਪਰਾਲਾ ਹੈ, ਪਰ ਸਮੇਂ ਸਮੇਂ 'ਤੇ ਲਗਾਏ ਰੁੱਖਾਂ ਦੀ ਦੇਖਭਾਲ ਵੀ ਕਰਨੀ ਬਹੁਤ ਜ਼ਰੂਰੀ ਹੈ। ਅਕਸਰ ਰੁੱਖ ਅਜਿਹੀ ਥਾਂ 'ਤੇ ਲਗਾਏ ਜਾਣ ਜਿੱਥੇ ਉਨ੍ਹਾਂ ਨੂੰ ਕੋਈ ਜੰਗਲੀ ਜੀਵ ਜਾਂ ਅਵਾਰਾ ਪਸ਼ੂ ਨੁਕਸਾਨ ਨਾ ਪਹੁੰਚਾ ਸਕੇ। ਰੁੱਖ ਲਗਾ ਕੇ 'ਟਰੀ ਗਾਰਡ' ਦੀ ਵਿਵਸਥਾ ਜ਼ਰੂਰ ਹੋਣੀ ਚਾਹੀਦੀ ਹੈ। ਹਰ ਵਿਅਕਤੀ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਤੇ ਉਸ ਨੂੰ ਰੁੱਖਾਂ ਦੀ ਮਹੱਤਤਾ ਪ੍ਰਤੀ ਪਤਾ ਹੋਣਾ ਚਾਹੀਦਾ ਹੈ। ਅੱਜ ਸਮਾਜ ਨੂੰ ਪੂਰੀ ਸੁਹਿਰਦਤਾ ਨਾਲ ਯਤਨਸ਼ੀਲ ਹੋਣ ਦੀ ਲੋੜ ਹੈ। ਚੇਤੇ ਰੱਖਿਓ! ਰੁੱਖਾਂ ਬਿਨਾਂ ਜੀਵਨ ਸੰਭਵ ਨਹੀਂ ਹੈ।

ਬਾਕੀ ਸਫਾ 2 ਦੀ

# ਪੰਜਾਬ ਦੀ ਖੇਤੀ ਬਾਰੇ ਸੋਚਣ ਦੀ ਲੋੜ

ਦਾ ਮੁੜ ਉਹੀ ਉੱਤਰ ਸੀ ਤੁਸੀਂ ਆਪਣਾ ਕੰਮ ਕਰ ਲਿਆ ਹੁਣ ਅਗਲਾ ਕੰਮ ਸਰਕਾਰ ਦਾ ਹੈ। ਮੁੜ ਬਾਦਲ ਸਰਕਾਰ ਆ ਗਈ। ਕੇਂਦਰ ਸਰਕਾਰ ਨੇ ਕਿਸਾਨ ਭਲਾਈ ਲਈ ਕਿਸਾਨ ਭਲਾਈ ਕਮਿਸ਼ਨ ਬਣਾਇਆ। ਜਿਸ ਦਾ ਪਹਿਲਾ ਮੁਖੀ ਡਾ. ਸਵਾਮੀਨਾਥਨ ਨੂੰ ਲਗਾਇਆ ਸੀ। ਰਾਜ ਸਰਕਾਰ ਨੂੰ ਵੀ ਕਮਿਸ਼ਨ ਬਣਾਉਣ ਲਈ ਆਖਿਆ ਗਿਆ। ਪੰਜਾਬ ਵਿੱਚ ਗੁਰਚਰਨ ਸਿੰਘ ਕਾਲਕਟ ਦੀ ਪ੍ਰਧਾਨਗੀ ਹੇਠ ਕਿਸਾਨ ਕਮਿਸ਼ਨ ਬਣਾਇਆ ਗਿਆ। ਇਸ ਨੂੰ ਖੇਤੀ ਨੀਤੀ ਤਿਆਰ ਕਰਨ ਨੂੰ ਆਖਿਆ ਗਿਆ। ਡਾ. ਕਾਲਕਟ ਬਹੁਤ ਅਨੁਭਵੀ ਤੇ ਮਿਹਨਤੀ ਵਿਗਿਆਨੀ ਸਨ। ਉਨ੍ਹਾਂ ਵੀ ਨਵੀਂ ਨੀਤੀ ਤਿਆਰ ਕੀਤੀ। ਖੈਰ ਬਾਦਲ ਸਾਹਿਬ ਵਲੋਂ ਧਰਤੀ ਹੇਠਲੇ ਪਾਣੀ ਦੀ ਬਚਤ ਲਈ ਉਨ੍ਹਾਂ ਦੀ ਸਿਫ਼ਾਰਿਸ਼ ਤੇ ਸੂਬੇ ਵਿੱਚ 10 ਜੂਨ ਤੋਂ ਪਹਿਲਾਂ ਝੋਨਾ ਲਗਾਉਣ ਦੀ ਮਨਾਹੀ ਕਰ ਦਿੱਤੀ ਗਈ। ਇਸ ਸਕੀਮ ਨੂੰ ਸਖਤੀ ਨਾਲ ਲਾਗੂ ਵੀ ਕੀਤਾ ਗਿਆ।

ਆਪ ਸਰਕਾਰ ਨੇ ਵੀ ਕਿਸਾਨ ਕਮਿਸ਼ਨ ਦੇ ਮੁੱਖੀ ਡਾ. ਸੁਖਪਾਲ ਸਿੰਘ ਹੋਰਾਂ ਦੀ ਅਗਵਾਈ ਹੇਠ ਨਵੀਂ ਖੇਤੀ ਨੀਤੀ ਬਣਾਉਣ ਲਈ ਕਮੇਟੀ ਬਣਾਈ। ਇਸ ਕਮੇਟੀ ਨੇ ਵੀ ਬਹੁਤ ਮਿਹਨਤ ਕਰਕੇ ਰਿੱਪੋਰਟ ਤਿਆਰ ਕਰਕੇ ਸਰਕਾਰ ਦੇ ਹਵਾਲੇ ਕੀਤੀ। ਸਰਕਾਰ ਦਾ ਆਖਰੀ ਵਰ੍ਹਾ ਚੱਲ ਰਿਹਾ ਹੈ ਪਰ ਉਸ ਨੂੰ ਵੀ ਹਵਾ ਨਹੀਂ ਲਗਵਾਈ ਗਈ। ਨਵੀਂ ਸਰਕਾਰ ਨੇ ਲੋਕਾਂ ਨੂੰ ਖੁਸ਼ ਕਰਨ ਲਈ ਸਾਰਿਆਂ ਨੂੰ ਬਿਜਲੀ ਮੁਫ਼ਤ ਕਰ ਦਿੱਤੀ। ਬੀਬੀਆਂ ਦੇ ਖਾਤਿਆਂ ਵਿੱਚ ਪੈਸੇ ਤੇ ਘਰਾਂ ਵਿੱਚ ਮੁਫ਼ਤ ਰਾਸ਼ਨ ਆਉਣਾ ਸ਼ੁਰੂ ਹੋ ਗਿਆ।



ਪੰਜਾਬ ਦੀ ਖੇਤੀ ਨੂੰ ਨਵਾਂ ਮੋੜ ਕਿਉਂ ਨਹੀਂ ਦਿੱਤਾ ਜਾ ਰਿਹਾ। ਇਸ ਦੇ ਕਈ ਕਾਰਨ ਹਨ। ਪਹਿਲਾ ਕਾਰਨ ਪੈਸੇ ਦੀ ਘਾਟ ਦੱਸਿਆ ਜਾ ਰਿਹਾ ਹੈ। ਇਹ ਇੱਕ ਬਹਾਨਾ ਹੈ ਕਿਉਂਕਿ ਮੁਫ਼ਤ ਦੀਆਂ ਰੀਉੜੀਆਂ ਵੰਡਣ ਲਈ ਤਾਂ ਸਰਕਾਰਾਂ ਕੋਲ ਪੈਸੇ ਹਨ। ਇਸੇ ਪੈਸੇ ਨਾਲ ਖੇਤੀ ਨੂੰ ਨਵਾਂ ਮੋੜ ਦੇਣ ਨਾਲ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਵੇਗਾ ਤੇ ਰੁਜ਼ਗਾਰ ਦੇ ਨਵੇਂ ਵਸੀਲੇ ਬਣ ਜਾਣਗੇ। ਇੰਝ ਪੰਜਾਬ ਵਿੱਚ ਖੁਸ਼ਹਾਲੀ ਦਾ ਦੌਰ ਪਹਿਲੇ ਹਰੇ ਇਨਕਲਾਬ ਵਾਂਗ ਸ਼ੁਰੂ ਹੋ ਜਾਵੇਗਾ। ਪੰਜਾਬ ਵਿੱਚ ਖੇਤੀ ਨਾਲ ਸੰਬੰਧਿਤ ਕਈ ਸਰਕਾਰੀ ਵਿਭਾਗਾਂ ਤੋਂ ਬਗੈਰ ਬਹੁਤ ਸਾਰੀਆਂ ਕਾਰਪੋਰੇਸ਼ਨਾਂ ਹਨ ਜਿਵੇਂ ਮਾਰਕਫੈਡ, ਮਿਲਕਫੈਡ, ਮੰਡੀਬੋਰਡ, ਸ਼ੂਗਰਫੈਡ, ਪੰਜਾਬ ਐਗਰੋ, ਫੂਡ ਕਮਿਸ਼ਨ ਤੇ ਹੋਰ ਕਈ ਸਾਰੀਆਂ। ਕੀ ਇਹ ਸੰਸਥਾਵਾਂ ਕਣਕ ਝੋਨੇ ਤੋਂ ਇਲਾਵਾ ਕਿਸਾਨਾਂ ਵੱਲੋਂ ਉਪਜਾਈਆਂ ਫ਼ਸਲਾਂ, ਸਬਜ਼ੀਆਂ, ਫਲ, ਦੁੱਧ ਆਦਿ ਨੂੰ ਵਾਜਬ ਮੁੱਲ ਉਤੇ ਖਰੀਦ ਪਦਾਰਥੀਕਰਨ ਕਰਕੇ ਵੇਚ ਨਹੀਂ ਸਕਦੀਆਂ। ਉਦਾਹਰਣ ਦੇ ਤੌਰ ਉੱਤੇ ਮਾਰਕਫੈਡ ਅਸਾਮ ਦੀ ਚਾਹ, ਰਾਜਸਥਾਨ ਤੋਂ ਤਿਆਰ ਕਰਵਾਇਆ ਦਲੀਆ ਤੇ ਹੋਰ ਕਈ ਪਦਾਰਥ ਵੇਚਦੀ ਹੈ ਤਾਂ ਆਪਣੀ ਉਪਜ ਕਿਉਂ ਨਹੀਂ। ਇਹ ਜ਼ੁੰਮੇਵਾਰੀ ਦਾ ਕੰਮ ਹੋਵੇਗਾ, ਕਰਮਚਾਰੀਆਂ ਨੂੰ ਦਿਨ ਰਾਤ ਕੰਮ ਕਰਨਾ ਪਵੇਗਾ। ਇਮਾਨਦਾਰੀ ਅਤੇ ਨਵੀਆਂ ਮੰਡੀਆਂ ਲਭਣੀਆਂ ਪੈਣਗੀਆਂ। ਪਰ ਕੌਣ ਖਤਰਾ ਮੁੱਲ ਲਵੇ ਜਦੋਂ ਕਿ ਤਨਖਾਹ ਤਾਂ ਉਹ ਹੀ ਮਿਲਣੀ ਹੈ ਜਿਹੜੀ ਹੁਣ ਮਿਲ ਰਹੀ ਹੈ। ਸਿਆਸੀ ਆਗੂਆਂ ਨੂੰ ਤਾਂ ਸਾਰਾ ਸਮਾਂ ਵਿਰੋਧੀਆਂ ਵਲੋਂ ਸੁੱਟੇ ਜਾ ਰਹੇ ਚਿਕੜ ਅਤੇ ਆਪਣੀ ਸਥਿਤੀ ਮਜ਼ਬੂਤ ਕਰਨ ਤੋਂ ਹੀ ਵਿਹਲ ਨਹੀਂ ਹੈ। ਉਹ ਭਲਾ ਲੋਕਾਂ ਅਤੇ ਸੂਬੇ ਦੀ ਭਲਾਈ ਬਾਰੇ ਕਿਵੇਂ ਸੋਚ ਸਕਦੇ ਹਨ। ਕੇਂਦਰ ਸਰਕਾਰ ਵੀ ਨਹੀਂ ਚਾਹੁੰਦੀ ਸੀ ਕਿ ਪੰਜਾਬ ਅਨਾਜ ਦੀ ਪੈਦਾਵਾਰ ਘਟ ਕਰੇ। ਅਨਾਜ ਲੋਕਾਂ ਦੀ ਮੁੱਢਲੀ ਲੋੜ ਹੈ। ਭੁੱਖ ਵਿਰੋਧ ਵਿੱਚ ਵਾਧਾ ਕਰਦੀ ਹੈ। ਕੋਈ ਸਰਕਾਰ ਅਜਿਹਾ ਵਿਰੋਧ ਨਹੀਂ ਚਾਹੁੰਦੀ ਸਗੋਂ ਦੇਸ਼ ਦੀ ਬਹੁਗਿਣਤੀ ਪਰਿਵਾਰਾਂ ਨੂੰ (80 ਕਰੋੜ) ਕੇਂਦਰ ਸਰਕਾਰ ਮੁਫ਼ਤ ਅਨਾਜ ਦੇ ਰਹੀ ਹੈ। ਰਾਜ ਸਰਕਾਰਾਂ ਵੀ ਵੋਟਰਾਂ ਨੂੰ ਖੁਸ਼ ਕਰਨ ਲਈ ਇਸੇ ਫਾਰਮੂਲੇ ਦੀ ਵਰਤੋਂ ਕਰਦੀਆਂ ਹਨ, ਉਹ ਆਪਣੀ ਪੱਧਰ ਉਤੇ ਮੁਫ਼ਤ ਅਨਾਜ ਦਿੰਦੀਆਂ ਹਨ। ਸਬਜ਼ੀਆਂ, ਫਲ, ਦੁੱਧ ਆਦਿ ਵੀ ਦਿੱਤਾ ਜਾ ਸਕਦਾ ਹੈ ਪਰ ਸਰਕਾਰ ਦੀ ਕਾਰਜ ਪ੍ਰਣਾਲੀ ਅਜਿਹੀ ਹੈ ਕਿ ਅਜਿਹੇ ਪਦਾਰਥ ਲੋਕਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਖ਼ਰਾਬ ਹੋ ਜਾਂਦੇ ਹਨ। ਇਸ ਲਈ ਕੋਈ ਕਰਮਚਾਰੀ ਵੀ ਇਸ ਪਾਸੇ ਸੋਚਣ ਦਾ ਹੌਂਸਲਾ ਨਹੀਂ ਕਰਦਾ। ਇਹ ਵੀ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿਸਾਨ ਜਥੇਬੰਦੀਆਂ ਵਲੋਂ ਵੀ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਦੀ ਧਰਨੇ ਵੀ ਬਹੁਤੇ ਆਪੋ ਵਿੱਚ ਮੁਕਾਬਲੇ ਦਾ ਅਧਾਰ ਬਣ ਕੇ ਰਹਿ ਜਾਂਦੇ ਹਨ। ਕਿਉਂਕਿ ਪੰਜਾਬ ਵਰਗੇ ਛੋਟੇ ਸੂਬੇ ਵਿੱਚ ਵੀ ਘਟੋ-ਘਟ ਤਿੰਨ ਦਰਜਨ ਕਿਸਾਨ ਜਥੇਬੰਦੀਆਂ ਹਨ ਜਿਨ੍ਹਾਂ ਦਾ ਬਹੁਤਾ ਸਮਾਂ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਉੱਤੇ ਹੀ ਲਗ ਜਾਂਦਾ ਹੈ। ਕਿਸਾਨਾਂ ਨੂੰ ਆਪਣੇ ਭਲਾਈ ਬਾਰੇ ਆਪ ਵੀ ਸੋਚਣਾ ਪਵੇਗਾ। ਕਈ ਥਾਂਵੀਂ ਯਤਨ ਹੋ ਰਹੇ ਹਨ ਪਰ ਇਹ ਛੋਟੀ ਪੱਧਰ ਉਤੇ ਹਨ। ਇਸ ਪਾਸੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਮੁੜ ਅਗਵਾਈ ਕਰ ਸਕਦੀ ਹੈ। ਹਰ ਜ਼ਿਲ੍ਹੇ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਹਨ। ਜੇਕਰ ਹਰੇਕ ਕੇਂਦਰ ਕਿਸਾਨ ਦੇ ਕਿਸੇ ਇਕ ਫ਼ਸਲ ਜਾਂ ਕਿੱਤੇ ਨੂੰ ਲੈ ਕੇ ਸਫ਼ਲ ਗਰੁੱਪ ਬਣਾ ਸਕੇ ਤਾਂ ਇਹ ਹੌਲੀ-ਹੌਲੀ ਨਵੀਂ ਲਹਿਰ ਬਣ ਸਕਦੀ ਹੈ।

# ਪੰਜਾਬ ਦੀਆਂ ਪੈਲੀਆਂ ਵਿੱਚ ਹੜ੍ਹਾਂ ਦੇ ਜ਼ਖਮ ਹਰੇ !

ਪਿਛਲੇ ਸਾਲ ਆਏ ਹੜ੍ਹਾਂ ਨੇ ਪੰਜਾਬ ਵਿੱਚ ਕਿੰਨੀ ਤਬਾਹੀ ਮਚਾਈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਿਲ ਹੈ। ਪੰਜਾਬ ਨੇ ਹਮੇਸ਼ਾ ਹੀ ਅਨੇਕਾਂ ਮੁਸੀਬਤਾਂ ਝੱਲੀਆਂ ਨੇ, ਪਰ ਹੜ੍ਹਾਂ ਵਰਗੀ ਮੁਸੀਬਤ



ਨੇ ਕਿਸਾਨਾਂ ਨੂੰ ਪੂਰੀ ਤਰ੍ਹਾਂ ਨਿਚੋੜ ਕੇ ਰੱਖ ਦਿੱਤਾ। ਕਿਸਾਨਾਂ ਸਮੇਤ ਆਮ ਲੋਕਾਂ ਨੇ ਇਨ੍ਹਾਂ ਹੜ੍ਹਾਂ ਦੀ ਮਾਰ ਝੱਲੀ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਨਾ ਤਾਂ ਇਸ ਔਖੀ ਘੜੀ ਵਿੱਚ ਸਰਕਾਰਾਂ ਦੀਆਂ ਨੀਤੀਆਂ ਕਾਰਗਰ ਸਾਬਤ ਹੋਈਆਂ ਅਤੇ ਨਾ ਹੀ ਸਿਸਟਮ।

ਕਿਸਾਨਾਂ ਦੀਆਂ ਪੈਲੀਆਂ ਵਿੱਚ ਕਈ-ਕਈ ਫੁੱਟ ਰੇਤ ਜੰਮ ਗਈ, ਜਿਸ ਨੇ ਪੈਲੀਆਂ ਨੂੰ ਖ਼ਤਮ ਕਰ ਦਿੱਤਾ। ਕਈ ਥਾਵਾਂ 'ਤੇ ਤਾਂ ਹੜ੍ਹਾਂ ਕਾਰਨ ਕਿਸਾਨ ਕਣਕ ਵੀ ਨਹੀਂ ਬੀਜ ਸਕੇ ਕਿਉਂਕਿ ਉਨ੍ਹਾਂ ਕੋਲ ਇੰਨਾ ਪੈਸਾ ਹੀ ਨਹੀਂ ਸੀ ਕਿ ਉਹ ਆਪਣੀ ਪੈਲੀ ਵਿੱਚੋਂ ਰੇਤ ਚੁੱਕ ਸਕਦੇ। ਵੱਡੇ ਪੱਧਰ 'ਤੇ ਹੜ੍ਹਾਂ ਦੀ ਮਾਰ ਸਰਹੱਦੀ ਇਲਾਕਿਆਂ ਨੂੰ ਝੱਲਣੀ ਪਈ। ਮਸਲਾ ਭਾਵੇਂ ਕੋਈ ਵੀ ਹੋਵੇ, ਪਰ ਮਰਦਾ ਆਖ਼ਰ ਕਿਸਾਨ ਹੀ ਹੈ। ਹੜ੍ਹਾਂ ਵਿੱਚ ਆਮ ਲੋਕਾਂ ਦਾ ਤਾਂ ਨੁਕਸਾਨ ਹੋਇਆ ਹੀ ਹੈ, ਪਰ ਹੁਣ ਸਾਹਮਣੇ ਆਈ ਰਿਪੋਰਟ ਨੇ ਸਭ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ। ਜਿਨ੍ਹਾਂ ਇਲਾਕਿਆਂ ਵਿੱਚ ਹੜ੍ਹਾਂ ਨੇ ਦਸਤਕ ਦਿੱਤੀ ਸੀ, ਉਥੇ ਖੇਤਾਂ ਵਿੱਚ ਇਸ ਵੇਲੇ ਹਰਿਆਲੀ ਨਹੀਂ ਸਗੋਂ ਬਹੁਤੀ ਜਗ੍ਹਾ 'ਤੇ ਰੇਤ ਹੀ ਨਜ਼ਰ ਆਉਂਦੀ ਹੈ। ਪਿਛਲੇ ਸਾਲ ਆਏ ਹੜ੍ਹਾਂ ਨੇ ਪੰਜਾਬ ਦੇ ਵੱਡੇ ਹਿੱਸੇ ਵਿੱਚ ਖੜ੍ਹੀ ਝੋਨੇ ਦੀ ਫ਼ਸਲ ਨੂੰ ਬਰਬਾਦ ਕਰਕੇ ਰੱਖ ਦਿੱਤਾ ਸੀ। ਸੂਬੇ ਦੇ ਤਕਰੀਬਨ 2500 ਪਿੰਡ ਅਤੇ 4 ਲੱਖ ਲੋਕ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ। ਸਰਕਾਰੀ ਅੰਕੜਿਆਂ ਮੁਤਾਬਿਕ ਹੜ੍ਹਾਂ ਦੌਰਾਨ 50 ਤੋਂ ਵੱਧ ਮੌਤਾਂ ਹੋਈਆਂ ਸਨ, ਪਰ ਅਸਲ ਗਿਣਤੀ ਸੈਂਕੜੇ ਤੋਂ ਵੀ ਪਾਰ ਹੈ। ਫ਼ਿਰੋਜ਼ਪੁਰ, ਫ਼ਾਜ਼ਿਲਕਾ, ਗੁਰਦਾਸਪੁਰ, ਪਠਾਨਕੋਟ, ਰੂਪਨਗਰ ਅਤੇ ਅੰਮ੍ਰਿਤਸਰ ਦੇ ਕੁਝ ਹਿੱਸਿਆਂ ਵਿੱਚ ਹੜ੍ਹਾਂ ਨੇ ਸਭ ਤੋਂ ਵੱਧ ਤਬਾਹੀ ਮਚਾਈ।

ਤਾਜ਼ਾ ਰਿਪੋਰਟ ਮੁਤਾਬਿਕ ਦਰਿਆਵਾਂ ਨਾਲ ਲੱਗਦੇ ਫ਼ਿਰੋਜ਼ਪੁਰ, ਫ਼ਾਜ਼ਿਲਕਾ ਅਤੇ ਗੁਰਦਾਸਪੁਰ ਦੇ ਬਹੁ ਗਿਣਤੀ ਇਲਾਕਿਆਂ ਦੇ ਖੇਤਾਂ ਵਿੱਚ ਮਿੱਟੀ ਦੀ ਮੋਟੀ ਪਰਤ ਹਾਲੇ ਵੀ ਜੰਮੀ ਪਈ ਹੈ। ਬਹੁ-ਗਿਣਤੀ ਕਿਸਾਨ ਤਾਂ ਕਣਕ ਦੀ ਫ਼ਸਲ ਹੀ ਨਹੀਂ ਬੀਜ ਸਕੇ, ਜਿਸ ਕਾਰਨ ਉਨ੍ਹਾਂ ਕੋਲ ਖਾਣ ਲਈ ਦਾਣੇ ਵੀ ਨਹੀਂ ਸਨ। ਪੰਜਾਬ ਵਿੱਚ ਇਸ ਵਾਰ ਜਿੱਥੇ ਬੇਮੌਸਮੀ ਬਰਸਾਤ ਨੇ ਕਈ ਕਿਸਾਨਾਂ ਨੂੰ ਝੰਬਿਆ ਅਤੇ ਕਣਕਾਂ ਦੇ ਝਾੜ 'ਤੇ ਅਸਰ ਪਾਇਆ। ਉਨ੍ਹਾਂ ਦੀਆਂ ਜ਼ਮੀਨਾਂ ਉਸ ਪਹਾੜੀ ਰੇਤ ਦੀ ਲਪੇਟ ਵਿੱਚ ਨੇ, ਜਿਹੜੀ ਹੜ੍ਹਾਂ ਕਾਰਨ ਵਹਿ ਕੇ ਆਈ ਸੀ। ਪੰਜਾਬ ਸਰਕਾਰ ਦੁਆਰਾ ਸਾਂਝੀ ਕੀਤੀ ਗਈ ਰਿਪੋਰਟ ਮੁਤਾਬਿਕ, ਇਸ ਵਾਰ ਕਣਕ ਦੀ ਆਮਦ ਅਤੇ ਖ਼ਰੀਦ 123.47 ਲੱਖ ਮੀਟਰਿਕ ਟਨ ਦੇ ਟੀਚੇ ਨੂੰ ਪਾਰ ਕਰ ਚੁੱਕੀ ਹੈ। ਪਿਛਲੀਆਂ ਰਿਪੋਰਟਾਂ 'ਤੇ ਨਿਗਾਹ ਮਾਰੀਏ ਤਾਂ ਪਿਛਲੇ ਸਾਲ ਡੇਢ ਲੱਖ ਮੀਟਰਿਕ ਟਨ ਕਣਕ ਦੀ ਆਮਦ ਅਤੇ ਖ਼ਰੀਦ ਹੋਈ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪੰਜਾਬ ਸਰਕਾਰ ਨੇ ਆਪਣਾ ਸਰਵੇਖਣ ਕਰਕੇ ਹੜ੍ਹਾਂ ਕਾਰਨ 13,800 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ ਲਗਾਇਆ ਅਤੇ ਕੇਂਦਰ ਕੋਲੋਂ ਵਿਸ਼ੇਸ਼ ਰਾਹਤ ਪੈਕੇਜ ਦੀ ਮੰਗ ਕੀਤੀ ਸੀ। ਕਿਸਾਨਾਂ ਨੂੰ ਰਾਹਤ ਦੇਣ ਵਾਸਤੇ ਖੇਤਾਂ ਵਿੱਚੋਂ ਰੇਤ ਚੁਕਵਾਉਣ ਲਈ ਇੱਕ ਨੀਤੀ ਵੀ ਪੰਜਾਬ ਸਰਕਾਰ ਨੇ ਲਿਆਂਦੀ। ਉਸ ਨੀਤੀ ਤਹਿਤ ਕਿਸਾਨ ਆਪਣੀ ਜ਼ਮੀਨ ਵਿੱਚੋਂ ਰੇਤ ਚੁੱਕ ਸਕਦੇ ਸਨ, ਪਰ ਉਸ ਵੇਲੇ ਵੱਡੀ ਸਮੱਸਿਆ ਇਹ ਸੀ ਕਿ ਜਿਨ੍ਹਾਂ ਕਿਸਾਨਾਂ ਕੋਲ ਆਪਣੇ ਟਰੈਕਟਰ ਨਹੀਂ, ਉਹ ਆਪਣੇ ਖੇਤ ਵਿੱਚੋਂ ਰੇਤ ਕਿਵੇਂ ਚੁੱਕਦੇ ?

ਸਰਕਾਰੀ ਤੌਰ 'ਤੇ ਲੱਗੇ ਟਰੈਕਟਰਾਂ ਜਾਂ ਜੇ ਸੀ ਬੀ ਮਸ਼ੀਨਾਂ ਨੇ ਵੀ ਆਪਣੇ ਸੱਜੇ ਖੱਬੇ ਕਰੀਬੀਆਂ ਦੀਆਂ ਜ਼ਮੀਨਾਂ ਵਿੱਚੋਂ ਹੀ ਰੇਤ ਚੁੱਕੀ ਜਦੋਂਕਿ ਬਹੁ-ਗਿਣਤੀ ਗਰੀਬ ਅਤੇ ਛੋਟੇ ਕਿਸਾਨ ਚਾਰ ਪੰਜ ਕਿੱਲਿਆਂ ਵਾਲੇ ਆਪਣੀਆਂ ਪੈਲੀਆਂ ਵਿੱਚੋਂ ਰੇਤ ਚੁਕਾਉਣ ਤੋਂ ਵਾਂਝੇ ਰਹਿ ਗਏ। ਕਿਸਾਨ ਜਿੱਥੇ ਆੜ੍ਹਤੀਆਂ ਕੋਲੋਂ ਪਹਿਲਾਂ ਕਰਜ਼ੇ ਵਜੋਂ ਪੈਸੇ ਲੈਂਦੇ ਸਨ, ਉੱਥੇ ਹੁਣ ਉਹ ਕਰਜ਼ੇ ਵਜੋਂ ਆੜ੍ਹਤੀਆਂ ਕੋਲੋਂ ਕਣਕ ਲਿਜਾ ਰਹੇ ਹਨ।

ਜ਼ਿਆਦਾਤਰ ਥਾਵਾਂ 'ਤੇ ਲਿਫਟਿੰਗ ਪੂਰੀ ਹੋਣ ਕਾਰਨ ਕਿਸਾਨਾਂ ਨੂੰ ਕਣਕ ਵੀ ਨਹੀਂ ਮਿਲ ਰਹੀ। ਉਹ ਕਹਿ ਰਹੇ ਨੇ ਕਿ ਜ਼ਮੀਨਾਂ ਵਿੱਚ ਰੇਤ ਜੰਮੀ ਹੋਣ ਕਾਰਨ ਉਨ੍ਹਾਂ ਨੇ ਉਪਰਲੀ ਪਰਤ 'ਤੇ ਕਣਕ ਉਗਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਸਭ ਸੜ ਗਈ। ਕੁਝ ਮਰਲੇ ਜਿਹੜੀ ਕਣਕ ਬਚੀ ਸੀ, ਉਸ 'ਤੇ ਮੌਸਮ ਦੀ ਮਾਰ ਪੈ ਗਈ। ਇਹ ਕਟਾਈ ਇਕੱਲੇ ਫ਼ਿਰੋਜ਼ਪੁਰ, ਫ਼ਾਜ਼ਿਲਕਾ, ਗੁਰਦਾਸਪੁਰ, ਪਠਾਨਕੋਟ ਦੀ ਨਹੀਂ ਸਗੋਂ ਪੰਜਾਬ ਦੇ ਬਹੁਗਿਣਤੀ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਹੈ। ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਦੇ ਲੋਕ ਅੱਜ ਵੀ ਪਰੇਸ਼ਾਨ ਨੇ। ਵੱਡੇ ਪੱਧਰ 'ਤੇ ਕਿਸਾਨ, ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਤੋਂ ਮੰਗ ਕਰ ਰਹੇ ਨੇ ਕਿ ਖੇਤ ਵਿੱਚੋਂ ਰੇਤ ਹੀ ਹਟਾ ਦਿੱਤੀ ਜਾਵੇ ਤਾਂ ਜੋ ਉਹ ਦੁਬਾਰਾ ਖੇਤੀ ਕਰਨ ਜੋਗੇ ਹੋ ਸਕਣ।

ਪਠਾਨਕੋਟ ਦੇ ਕੁਝ ਕਿਸਾਨਾਂ ਨੇ ਦੱਸਿਆ ਕਿ ਸਰਕਾਰ ਨੇ ਭਾਵੇਂ ਖੇਤਾਂ ਵਿੱਚੋਂ ਰੇਤ ਚੁਕਾਉਣ ਦੀਆਂ ਸਕੀਮਾਂ ਚਲਾਈਆਂ,



ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਉਨ੍ਹਾਂ ਤੱਕ ਕੋਈ ਵੀ ਸਕੀਮ ਨਹੀਂ ਪਹੁੰਚ ਸਕੀ। ਉਨ੍ਹਾਂ ਨੇ ਆਪਣੀ ਜ਼ਮੀਨ ਵਿੱਚੋਂ ਖੁਦ ਰੇਤ ਚੁੱਕੀ ਅਤੇ ਫ਼ਸਲ ਉਗਾਉਣ ਦੀ ਕੋਸ਼ਿਸ਼ ਕੀਤੀ, ਪਰ ਹਾਲਾਤ ਇਹ ਬਣੇ ਕਿ ਪਹਾੜੀ ਮਿੱਟੀ ਹੋਣ ਕਾਰਨ ਉਨ੍ਹਾਂ ਦੀ ਫ਼ਸਲ ਸਹੀ ਤਰੀਕੇ ਨਹੀਂ ਹੋ ਸਕੀ ਅਤੇ ਮੌਸਮ ਦੀ ਮਾਰ ਨੇ ਉਨ੍ਹਾਂ ਨੂੰ ਉਜਾੜ ਕੇ ਰੱਖ ਦਿੱਤਾ।

ਕਿਸਾਨਾਂ ਦਾ ਕਹਿਣਾ ਹੈ ਕਿ ਆਪਣੀ ਜ਼ਮੀਨ ਵਿੱਚ ਰੇਤ ਚੁਕਵਾਉਣ ਲਈ ਉਨ੍ਹਾਂ ਨੂੰ 15 ਤੋਂ 17 ਹਜ਼ਾਰ ਰੁਪਏ ਖ਼ਰਚ ਕਰਨੇ ਪਏ ਕਿਉਂਕਿ ਉਨ੍ਹਾਂ ਨੂੰ ਅਗਲੀ ਫ਼ਸਲ ਉਗਾਉਣ ਦਾ ਫ਼ਿਕਰ ਸੀ। ਅਗਲੀ ਫ਼ਸਲ ਉਗਾ ਕੇ ਉਹ ਆਪਣਾ ਕਰਜ਼ ਉਤਾਰਨਾ ਚਾਹੁੰਦੇ ਸਨ, ਪਰ ਹੋਇਆ ਇਸ ਤੋਂ ਉਲਟ।

ਇਸ ਵੇਲੇ ਜ਼ਮੀਨਾਂ ਵਾਲਿਆਂ ਨੂੰ ਵੀ ਦਿਹਾੜੀਆਂ ਕਰਨੀਆਂ ਪੈ ਰਹੀਆਂ ਨੇ। ਪੰਜਾਬ ਦੇ ਕਿਸਾਨਾਂ ਦੀ ਅਜਿਹੀ ਹਾਲਤ ਪਹਿਲੀ ਵਾਰ ਦੇਖਣ ਨੂੰ ਮਿਲੀ ਹੈ। ਕਿਸਾਨ ਜਥੇਬੰਦੀਆਂ ਵੱਡੇ ਪੱਧਰ 'ਤੇ ਪੰਜਾਬ ਦੇ ਬਹੁ ਗਿਣਤੀ ਕਿਸਾਨਾਂ ਦੀ ਮਦਦ ਵੀ ਕਰ ਰਹੀਆਂ ਨੇ, ਪਰ ਸਰਕਾਰ ਜਾਂ ਰਿਲੀਫ ਫੰਡ ਜ਼ਰੀਏ ਹੋਣ ਵਾਲਾ ਕੰਮ ਨਹੀਂ ਹੋ ਰਿਹਾ।

ਇੱਕ ਜਾਣਕਾਰੀ ਮੁਤਾਬਿਕ ਸਤਲੁਜ ਦਰਿਆ ਨੇ ਸਸਰਾਲੀ ਵਿਖੇ ਪਿਛਲੇ ਸਾਲ ਕਈ ਏਕੜ ਫ਼ਸਲ ਆਪਣੇ ਵਿੱਚ ਸਮੇਟ ਲਈ ਸੀ। ਦਰਿਆ ਜ਼ਮੀਨ ਖਾ ਗਿਆ ਸੀ। ਅਸਲ ਵਿੱਚ ਦਰਿਆ ਨੇ ਆਪਣਾ ਰਸਤਾ ਨਵਾਂ ਬਣਾ ਲਿਆ ਸੀ। ਜ਼ਮੀਨਾਂ ਵਿਚਦੀ ਨਿਕਲੇ ਦਰਿਆ ਦੇ ਨਵੇਂ ਰਸਤੇ ਨੇ ਬਹੁਤ ਸਾਰੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਹੀ ਖ਼ਤਮ ਕਰ ਦਿੱਤਾ। ਇਹ ਸਮੱਸਿਆ ਬਹੁਤ ਵੱਡੀ ਹੈ। ਕਿਸਾਨਾਂ ਦੀ ਬਾਂਹ ਫੜਨ ਦੀ ਲੋੜ ਹੈ।

**ਗੁਰਪ੍ਰੀਤ**
ਮੋ. 95698-20314

# ਸਾਉਣੀ ਦੇ ਪਿਆਜ਼ ਦੀ ਕਾਸ਼ਤ

**ਰਵਿੰਦਰ ਕੌਰ ਅਤੇ ਬਲਬੀਰ ਕੌਰ,**
**ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ**
(ਮੋ. 94630-66782)

ਸਾਉਣੀ ਦੇ ਪਿਆਜ਼ ਦੀ ਪਨੀਰੀ ਜਾਂ ਗੰਢੀਆਂ ਦੀ ਲੁਆਈ ਜੁਲਾਈ ਦੇ ਅਖੀਰ ਜਾਂ ਅਗਸਤ ਦੇ ਸ਼ੁਰੂ ਵਿੱਚ ਕੀਤੀ ਜਾਂਦੀ ਹੈ ਅਤੇ ਫ਼ਸਲ ਦੀ ਕਟਾਈ ਨਵੰਬਰ-ਦਸੰਬਰ ਵਿੱਚ ਹੁੰਦੀ ਹੈ। ਐਗਰੀਫੌਂਡ ਡਾਰਕ ਰੈੱਡ ਕਿਸਮ, ਜਿਸ ਦੇ ਗੰਢੇ ਇੱਕਸਾਰ ਗੂੜ੍ਹੇ ਲਾਲ, ਦਰਮਿਆਨੇ ਆਕਾਰ ਦੇ (70-80 ਗ੍ਰਾਮ) ਗੋਲ ਅਤੇ ਘੁੱਟਵੇਂ ਛਿਲਕੇ, ਦਰਮਿਆਨੀ ਕੁੜੱਤਣ ਅਤੇ ਔਸਤ ਝਾੜ 120 ਕੁਇੰਟਲ ਪ੍ਰਤੀ ਏਕੜ ਹੈ।

**ਸਾਉਣੀ ਦੇ ਪਿਆਜ਼ ਦੀ ਕਾਸ਼ਤ ਦੇ ਤਰੀਕੇ**

★ ਜਿਹਨਾਂ ਕਿਸਾਨ ਵੀਰਾਂ ਨੇ ਸਾਉਣੀ ਦੇ ਪਿਆਜ਼ ਦੀ ਪਨੀਰੀ ਜੂਨ ਮਹੀਨੇ ਵਿੱਚ ਬੀਜੀ ਹੋਵੇ ਜਾਂ ਪਿਆਜ਼ ਦੀਆਂ ਗੰਢੀਆਂ ਰੱਖੀਆਂ ਹੋਣ, ਉਹ ਕਿਸਾਨ ਵੀਰ ਪਨੀਰੀ ਜਾਂ ਗੰਢੀਆਂ ਨੂੰ ਅਗਸਤ ਮਹੀਨੇ ਦੇ ਅੱਧ ਤੱਕ ਚੰਗੀ ਤਰ੍ਹਾਂ ਵਾਹੀ ਕੀਤੇ ਖੇਤ ਵਿੱਚ ਲਗਾ ਦੇਣ।

★ ਖੇਤ ਵਿੱਚ ਲਗਾਉਣ ਤੋਂ ਪਹਿਲਾਂ ਸਿਹਤਮੰਦ ਪਨੀਰੀ ਅਤੇ ਵਧੀਆ ਆਕਾਰ ਦੀ ਗੰਢੀਆਂ (1.5 ਤੋਂ 2.5 ਸੈਂਟੀਮੀਟਰ ਘੇਰੇ ਵਾਲੀਆਂ) ਦੀ ਚੋਣ ਕਰੋ।

★ ਪਨੀਰੀ ਜਾਂ ਗੰਢੀਆਂ ਖੇਤ ਵਿੱਚ ਲਗਾਉਣ ਸਮੇਂ ਕਤਾਰ ਤੋਂ ਕਤਾਰ ਦਾ ਫਾਸਲਾ 15 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 7.5 ਸੈਂਟੀਮੀਟਰ ਰੱਖੋ।

★ ਪਨੀਰੀ ਜਾਂ ਗੰਢੀਆਂ ਨੂੰ ਹਮੇਸ਼ਾ ਵੱਟਾਂ ਜਾਂ ਬੈਡਾਂ ਤੇ ਲਗਾਉ ਤਾਂ ਜੋ ਬੂਟੇ ਨੂੰ ਠੀਕ ਨਮੀਂ ਮਿਲ ਸਕੇ ਅਤੇ ਵਾਧੂ ਪਾਣੀ ਦਾ ਚੰਗੀ ਤਰ੍ਹਾਂ ਨਿਕਾਸ ਹੋ ਸਕੇ।



★ 20 ਟਨ ਗਲੀ ਸੜੀ ਰੂੜੀ, 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿਲੋ ਫਾਸਫੋਰਸ (125 ਕਿਲੋ ਸੁਪਰਫਾਸਫੇਟ) ਅਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ਼ ਪੋਟਾਸ਼) ਪ੍ਰਤੀ ਏਕੜ ਪਾਉ। ਸਾਰੀ ਰੂੜੀ, ਫਾਸਫੋਰਸ ਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਪਨੀਰੀ ਲਾਉਣ ਤੋਂ ਪਹਿਲਾਂ ਅਤੇ ਬਾਕੀ ਅੱਧੀ ਨਾਈਟ੍ਰੋਜਨ ਬੂਟੇ ਲਾਉਣ ਤੋਂ ਚਾਰ ਹਫ਼ਤੇ ਬਾਅਦ ਛੱਟੇ ਨਾਲ ਪਾਓ।

★ ਨਦੀਨਾਂ ਦੀ ਰੋਕਥਾਮ ਲਈ 3-4 ਗੋਡੀਆਂ ਜ਼ਰੂਰੀ ਹਨ। ਪਹਿਲੀ ਗੋਡੀ ਪਨੀਰੀ ਲਾਉਣ ਤੋਂ 3 ਹਫ਼ਤੇ ਬਾਅਦ ਕਰੋ। ਬਾਕੀ ਗੋਡੀਆਂ 15 ਦਿਨ ਦੇ ਵਕਫ਼ੇ ਤੇ ਕਰਦੇ ਰਹੋ। ਇਸ ਤੋਂ ਇਲਾਵਾ ਗੋਲ 23.5 ਈ ਸੀ (ਆਕਸੀਫਲੋਰਫਿਨ) 380 ਮਿਲੀਲਿਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਗੰਢੀਆਂ ਜਾਂ ਪਨੀਰੀ ਲਾਉਣ ਤੋਂ ਇੱਕ ਹਫ਼ਤੇ ਦੇ ਅੰਦਰ-ਅੰਦਰ ਛਿੜਕਾਅ ਅਤੇ 90-100 ਦਿਨਾਂ ਬਾਅਦ ਇੱਕ ਗੋਡੀ ਕਰੋ।

★ ਪਨੀਰੀ ਲਾਉਣ ਤੋਂ ਤੁਰੰਤ ਬਾਅਦ ਪਾਣੀ ਦਿਉ ਤਾਂ ਜੋ ਬੂਟਿਆਂ ਦੀਆਂ ਜੜ੍ਹਾਂ ਜ਼ਮੀਨ ਪਕੜ ਲੈਣ। ਸਾਉਣੀ ਦੇ ਪਿਆਜ਼ ਦੀ ਫ਼ਸਲ ਬਰਸਾਤ ਦੇ ਮੌਸਮ ਵਿੱਚ ਹੋਣ ਕਰਕੇ ਲੋੜ ਅਨੁਸਾਰ 7-10 ਦਿਨਾਂ ਦੇ ਵਕਫ਼ੇ ਤੇ ਪਾਣੀ ਲਾਉਂਦੇ ਰਹੋ।

★ ਸਾਉਣੀ ਦਾ ਪਿਆਜ਼ ਪੱਕਦਾ ਨਹੀਂ ਹੈ। ਇਸ ਦੀ ਕੱਚੀ ਪੁਟਾਈ ਕਰਕੇ ਹਰਾ ਪਿਆਜ਼ ਮੰਡੀ ਵਿੱਚ ਵੇਚੋ।

★ ਕਿਸਾਨ ਵੀਰਾਂ ਨੂੰ ਮੰਡੀ ਵਿੱਚ ਪਿਆਜ਼ ਦੀ ਆਮਦ ਅਤੇ ਮੁੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੰਬਰ ਮਹੀਨੇ ਵਿੱਚ ਇਸ ਦੀ ਪੁਟਾਈ ਸ਼ੁਰੂ ਕਰੋ। ਜੇਕਰ ਮੰਡੀ ਵਿੱਚ ਪਿਆਜ਼ ਦਾ ਮੁੱਲ ਘੱਟ ਹੈ ਤਾਂ ਪਿਆਜ਼ ਦੀ ਕੁੱਝ ਦਿਨਾਂ ਤੱਕ ਪੁਟਾਈ ਨਾ ਕਰੋ ਤੇ ਮੁੱਲ ਵੱਧਣ ਦੀ ਉਡੀਕ ਕਰਕੇ ਹੀ ਪੁਟਾਈ ਕਰੋ।

★ ਮੰਡੀ ਵਿੱਚ ਹਰੇ ਪਿਆਜ਼ ਦੀਆਂ ਅੱਧਾ ਕਿੱਲੋ ਜਾਂ ਇੱਕ ਕਿਲੋ ਦੀਆਂ ਗੁੱਟੀਆਂ ਬਣਾ ਕੇ ਵੇਚੋ। ਪਿਆਜ਼ ਦੀ ਪੁਟਾਈ ਦਸੰਬਰ ਤੱਕ ਕਰ ਲਵੋ, ਨਹੀਂ ਤਾਂ ਖੇਤ ਵਿੱਚ ਹੀ ਪਿਆਜ਼ ਨਿਸਰ ਜਾਂਦਾ ਹੈ। ਇਸ ਫ਼ਸਲ ਨੂੰ ਕੋਈ ਹਾਨੀਕਾਰਕ ਕੀੜਾ ਜਾਂ ਬਿਮਾਰੀ ਨਹੀਂ ਲੱਗਦੀ।

# ਕਰਜ਼ੇ ਅਤੇ ਸਬਸਿਡੀਆਂ ਦੇ ਜਾਲ ਵਿੱਚ ਫਸਿਆ ਪੰਜਾਬ




**ਪੰਜਾਬ ਅਜੇ ਵੀ ਦਿਨ-ਪ੍ਰਤੀ-ਦਿਨ ਦੇ ਖਰਚੇ ਚਲਾਉਣ ਲਈ ਕਰਜ਼ੇ 'ਤੇ ਨਿਰਭਰ ਹੈ। ਜੇਕਰ ਵਿੱਤੀ ਅਨੁਸ਼ਾਸਨ, ਆਮਦਨ ਵਾਧੇ ਅਤੇ ਖਰਚਿਆਂ ਨੂੰ ਤਰਕਸੰਗਤ ਬਣਾਉਣ ਵੱਲ ਤੁਰੰਤ ਕਦਮ ਨਾ ਚੁੱਕੇ ਗਏ ਤਾਂ ਆਉਣ ਵਾਲੇ ਸਾਲਾਂ ਵਿੱਚ ਪੰਜਾਬ ਲਈ ਕਰਜ਼ੇ ਦੇ ਵਿਆਜ ਅਤੇ ਮੂਲ ਦਾ ਬੋਝ ਹੋਰ ਗੰਭੀਰ ਚੁਣੌਤੀ ਬਣ ਸਕਦਾ ਹੈ।**

ਪੰਜਾਬ ਦੀ ਆਰਥਿਕਤਾ ਪਿਛਲੇ ਲੰਮੇ ਸਮੇਂ ਤੋਂ ਵਿੱਤੀ ਪ੍ਰਬੰਧਨ ਦੀਆਂ ਖਾਮੀਆਂ ਅਤੇ ਲਗਾਤਾਰ ਅਣਚਾਹੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਜੂਨ 2026 ਵਿੱਚ ਭਾਰਤ ਦੇ ਕੰਪਟਰੋਲਰ ਐਂਡ ਆਡਿਟਰ ਜਨਰਲ (ਕੈਗ) ਵਲੋਂ ਜਾਰੀ ਕੀਤੇ ਗਏ 28 ਸੂਬਿਆਂ ਦੇ ਵਿੱਤ ਸਬੰਧੀ ਸੂਬਿਆਂ ਦੇ 2024-25 ਦੇ ਬਜਟਾਂ ਦੇ ਅਧਿਐਨ ਅਨੁਸਾਰ ਦੇਸ਼ ਦੇ ਸਾਰੇ ਸੂਬੇ ਵਿੱਤੀ ਘਾਟੇ ਵਿੱਚ ਹਨ ਪਰ ਪੰਜਾਬ ਦੇਸ਼ ਦੇ ਉਨ੍ਹਾਂ 18 ਸੂਬਿਆਂ ਵਿੱਚ ਸ਼ਾਮਲ ਹੈ ਜਿਹੜੇ ਵਿੱਤੀ ਪ੍ਰਬੰਧਨ ਅਤੇ ਵੱਡੇ ਮਾਲੀਆ ਘਾਟੇ ਸਬੰਧੀ ਮੁਸ਼ਕਲਾਂ ਵਿੱਚ ਫਸੇ ਹੋਏ ਹਨ। ਕੈਗ ਦੀ ਰਿਪੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੇਸ਼ ਦੇ ਇਹ ਸਾਰੇ ਸੂਬੇ ਵੋਟਰਾਂ ਨੂੰ ਭਰਮਾਉਣ ਲਈ ਖ਼ਾਸ ਕਰਕੇ ਚੋਣਾਂ ਨੇੜਲੇ ਸਾਲਾਂ ਦੌਰਾਨ ਮੁਫ਼ਤ ਸਹੂਲਤਾਂ, ਬਗੈਰ ਵਿਕਾਸ ਯੋਜਨਾਵਾਂ ਤੋਂ ਰੈਲੀਆਂ ਵਿੱਚ ਵਿਕਾਸ ਕਾਰਜਾਂ ਦੇ ਨਾਮ 'ਤੇ ਚੈੱਕ ਵੰਡਣੇ, ਲੋਕ ਲੁਭਾਊ ਸਕੀਮਾਂ ਅਤੇ ਸਬਸਿਡੀਆਂ ਲਾਗੂ ਕਰਨ ਕਰਕੇ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਨਾਲ ਹੀ ਮਾਰਚ 2026 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀਆਂ ਗਈਆਂ ਪੰਜਾਬ ਸੰਬੰਧੀ



**ਡਾ. ਕੇਸਰ ਸਿੰਘ ਭੰਗੂ**
**ਸਾਬਕਾ ਪ੍ਰੋਫੈਸਰ ਅਤੇ ਡੀਨ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਕੈਗ ਦੀਆਂ ਵਿੱਤੀ ਆਡਿਟ ਰਿਪੋਰਟਾਂ ਨੇ ਇੱਕ ਵਾਰ ਫਿਰ ਇਹ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿੱਤੀ ਹਾਲਤ ਦੇ ਹਿਸਾਬ ਨਾਲ ਦੇਸ਼ ਦੇ ਸਭ ਤੋਂ ਵੱਧ ਖ਼ਰਾਬ ਹਾਲਤ ਵਾਲੇ ਸੂਬਿਆਂ ਵਿੱਚ ਸ਼ਾਮਲ ਹੈ। ਸੂਬੇ ਦਾ ਲਗਾਤਾਰ ਵਧਦਾ ਕਰਜ਼ਾ, ਲਗਾਤਾਰ ਵਧਦਾ ਮਾਲੀਆ ਘਾਟਾ, ਵੱਡੀ ਮਾਤਰਾ ਵਿੱਚ ਵਿਆਜ ਅਤੇ ਮੂਲ ਦਾ ਭੁਗਤਾਨ ਅਤੇ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੇ ਵਿਕਾਸ ਲਈ ਉਪਲਬਧ ਵਿੱਤੀ ਸਰੋਤਾਂ ਨੂੰ ਬਹੁਤ ਵੱਡਾ ਖੋਰਾ ਲਾਇਆ ਹੈ।

ਕੈਗ ਦੀ 2023-24 ਦੀ ਵਿੱਤੀ ਰਿਪੋਰਟ ਅਨੁਸਾਰ ਪੰਜਾਬ ਦਾ ਮਾਲੀਆ ਘਾਟਾ ਜਿਹੜਾ 2019-20 ਵਿੱਚ 14,285 ਕਰੋੜ ਰੁਪਏ ਸੀ, ਵਧ ਕੇ 2023-24 ਵਿੱਚ 28,215 ਕਰੋੜ ਰੁਪਏ ਹੋ ਗਿਆ। ਇਹ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 3.79 ਪ੍ਰਤੀਸ਼ਤ ਬਣਦਾ ਹੈ। ਇਸ ਦਾ ਸਿੱਧਾ ਅਰਥ ਹੈ ਕਿ ਪੰਜਾਬ ਨੂੰ ਆਪਣੀਆਂ ਦਿਨ-ਪ੍ਰਤੀ ਦਿਨ ਦੀਆਂ ਲੋੜਾਂ ਅਤੇ ਆਮ ਖਰਚਿਆਂ ਨੂੰ ਪੂਰਾ ਕਰਨ ਲਈ ਵੀ ਕਰਜ਼ਾ ਲੈਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਸੇ ਤਰ੍ਹਾਂ ਸੂਬੇ ਦਾ ਵਿੱਤੀ ਘਾਟਾ ਜਿਹੜਾ 2023-24 ਵਿੱਚ 33,115 ਕਰੋੜ ਰੁਪਏ ਭਾਵ ਕੁੱਲ ਘਰੇਲੂ ਉਤਪਾਦ ਦੇ 4.45 ਫ਼ੀਸਦੀ ਤੱਕ ਪਹੁੰਚ ਗਿਆ ਸੀ। ਜਦੋਂ ਕਿ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (FRBM) ਐਕਟ, 2003 ਦੇ ਮਾਪਦੰਡਾਂ ਅਨੁਸਾਰ ਵਿੱਤੀ ਘਾਟਾ ਆਮ ਤੌਰ 'ਤੇ 3 ਫ਼ੀਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਕੈਗ ਨੇ ਇਹ ਵੀ ਸਾਹਮਣੇ ਲਿਆਂਦਾ ਹੈ ਕਿ ਪੰਜਾਬ ਦੀਆਂ ਕੁੱਲ ਦੇਣਦਾਰੀਆਂ ਕੁੱਲ ਘਰੇਲੂ ਉਤਪਾਦ ਦੇ 44.27 ਫ਼ੀਸਦੀ ਤੱਕ ਪਹੁੰਚ ਗਈਆਂ ਹਨ। ਰਿਪੋਰਟ ਅਨੁਸਾਰ 2023-24 ਵਿੱਚ ਸੂਬੇ ਦਾ ਕੁੱਲ ਕਰਜ਼ਾ ਅਤੇ ਹੋਰ ਦੇਣਦਾਰੀਆਂ ਲਗਭਗ 3.46 ਲੱਖ ਕਰੋੜ ਰੁਪਏ ਸਨ। ਜਿਹੜਾ ਕਿ ਹੁਣ ਵੱਧ ਕੇ 4 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ ਹੈ।

2024-25 ਦੇ ਬਜਟ ਵਿੱਚ ਪੰਜਾਬ ਸਰਕਾਰ ਨੇ ਮਾਲੀਆ ਘਾਟਾ 23,198 ਕਰੋੜ ਰੁਪਏ ਅਤੇ ਵਿੱਤੀ ਘਾਟਾ 30,465 ਕਰੋੜ ਰੁਪਏ ਰੱਖਣ ਦਾ ਟੀਚਾ ਨਿਰਧਾਰਿਤ ਕੀਤਾ ਸੀ। ਇਹ ਕ੍ਰਮਵਾਰ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 2.89 ਫ਼ੀਸਦੀ ਅਤੇ 3.8 ਫ਼ੀਸਦੀ ਦੇ ਬਰਾਬਰ ਸੀ। ਪਰ ਸਰਕਾਰ ਦਾ ਦਾਅਵਾ ਸੀ ਕਿ ਕਰ ਇਕੱਤਰਤਾ ਵਿੱਚ ਵਾਧਾ, ਆਬਕਾਰੀ ਆਮਦਨ ਵਿੱਚ ਸੁਧਾਰ ਅਤੇ ਆਰਥਿਕ ਵਿਕਾਸ ਦੀ ਗਤੀ ਨਾਲ ਵਿੱਤੀ ਹਾਲਤ ਸੁਧਰੇਗੀ। ਪਰ ਕੈਗ ਦੇ ਅੰਕੜੇ ਦੱਸਦੇ ਹਨ ਕਿ ਖ਼ਰਚੇ ਆਮਦਨ ਨਾਲੋਂ ਕਾਫ਼ੀ ਤੇਜ਼ੀ ਨਾਲ ਵਧ ਰਹੇ ਹਨ। 2023-24 ਵਿੱਚ ਸੂਬੇ ਦੀ ਕੁੱਲ ਮਾਲੀਆ ਪ੍ਰਾਪਤੀਆਂ 89,192 ਕਰੋੜ ਰੁਪਏ ਸਨ, ਜਦਕਿ ਮਾਲੀਆ ਖ਼ਰਚਾ 1,17,407 ਕਰੋੜ ਰੁਪਏ ਤੱਕ ਪਹੁੰਚ ਗਿਆ ਸੀ। ਇਹ ਸਥਿਤੀ ਸਪੱਸ਼ਟ ਦਰਸਾਉਂਦੀ ਹੈ ਕਿ ਬਜਟ ਵਿੱਚ ਕੀਤੇ ਦਾਅਵੇ ਵਿੱਤੀ ਸੁਧਾਰਾਂ ਦੇ ਟੀਚੇ ਅਸਲੀਅਤ ਵਿੱਚ ਪ੍ਰਾਪਤ ਕਰਨੇ ਬਹੁਤ ਮੁਸ਼ਕਲ ਸਨ। ਕੈਗ ਦੀ ਸੂਬੇ ਦੇ ਵਿੱਤ ਸਬੰਧੀ ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਉਨ੍ਹਾਂ ਸੂਬਿਆਂ ਵਿੱਚੋਂ ਇੱਕ ਹੈ ਜਿੱਥੇ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਉਤੇ ਸਭ ਤੋਂ ਵੱਧ ਖਰਚ ਹੁੰਦਾ ਹੈ। 2024-25 ਵਿੱਚ ਪੰਜਾਬ ਨੇ ਆਪਣੇ ਕੁੱਲ ਖਰਚ ਦਾ 13.5 ਪ੍ਰਤੀਸ਼ਤ ਤੋਂ ਵੱਧ ਹਿੱਸਾ ਸਬਸਿਡੀਆਂ 'ਤੇ ਖ਼ਰਚ ਕੀਤਾ। 2023-24 ਵਿੱਚ ਇਕੱਲੀ ਬਿਜਲੀ ਸਬਸਿਡੀ 'ਤੇ ਹੀ ਲਗਭਗ 18,770 ਕਰੋੜ ਰੁਪਏ ਖ਼ਰਚ ਹੋਏ। ਇਹ ਰਕਮ ਸੂਬੇ ਦੇ ਪੂੰਜੀਗਤ ਨਿਵੇਸ਼ ਨਾਲੋਂ ਕਈ ਗੁਣਾ ਵੱਧ ਸੀ। ਖੇਤੀਬਾੜੀ ਲਈ ਮੁਫ਼ਤ ਬਿਜਲੀ ਅਤੇ ਹੋਰ ਲੋਕ ਲੁਭਾਊ ਮੁਫ਼ਤ ਯੋਜਨਾਵਾਂ ਰਾਜਨੀਤਕ, ਖ਼ਾਸ ਕਰਕੇ ਵੋਟਾਂ ਬਟੋਰਨ ਲਈ ਤਾਂ ਲਾਭਕਾਰੀ ਹੋ ਸਕਦੀਆਂ ਹਨ, ਪਰ ਲੰਮੇ ਸਮੇਂ ਵਿੱਚ ਇਹ ਸੂਬੇ ਦੀ ਵਿੱਤੀ ਸਥਿਰਤਾ ਲਈ ਚੁਣੌਤੀ ਬਣ ਰਹੀਆਂ ਹਨ।

ਕਿਸੇ ਵੀ ਸੂਬੇ ਦੇ ਆਰਥਿਕ ਵਿਕਾਸ ਅਤੇ ਸਥਿਰਤਾ ਦਾ ਇੱਕ ਮਹੱਤਵਪੂਰਨ ਸੂਚਕ ਉਸ ਦਾ ਪੂੰਜੀਗਤ ਖਰਚਾ ਹੁੰਦਾ ਹੈ। ਇਹ ਉਹ ਖਰਚਾ ਹੈ ਜੋ ਸੜਕਾਂ, ਸਿੰਜਾਈ, ਸਿੱਖਿਆ, ਸਿਹਤ ਅਤੇ ਉਦਯੋਗਿਕ ਬੁਨਿਆਦੀ ਢਾਂਚੇ 'ਤੇ ਹੁੰਦਾ ਹੈ। ਕੈਗ ਰਿਪੋਰਟ ਅਨੁਸਾਰ 2023-24 ਵਿੱਚ ਪੰਜਾਬ ਨੇ ਆਪਣੇ ਕੁੱਲ ਖਰਚ ਦਾ ਸਿਰਫ਼ 3.88 ਪ੍ਰਤੀਸ਼ਤ ਹਿੱਸਾ ਪੂੰਜੀਗਤ ਨਿਵੇਸ਼ ਲਈ ਵਰਤਿਆ। ਇਹ ਲਗਪਗ 4,743 ਕਰੋੜ ਰੁਪਏ ਸੀ। ਇਸ ਦੇ ਵੱਡੇ ਦੋ ਕਾਰਨ ਹਨ। ਪਹਿਲਾ, ਸੂਬੇ ਦੀ ਵੱਡੀ ਆਮਦਨ ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ ਅਦਾਇਗੀਆਂ ਵਿੱਚ ਖਰਚ ਹੋ ਜਾਂਦੀ ਹੈ। ਰਿਪੋਰਟ ਅਨੁਸਾਰ ਇਹ ਬੱਝਵੇਂ ਖਰਚੇ ਕੁੱਲ ਮਾਲੀਆ ਖਰਚੇ ਦਾ 65 ਫ਼ੀਸਦੀ ਬਣਦਾ ਹੈ। ਦੂਜਾ, ਸੂਬੇ ਦੇ ਬਜਟ ਦੇ ਆਕਾਰ ਦਾ ਛੋਟਾ ਹੋਣਾ ਹੈ। ਨਤੀਜੇ ਵਜੋਂ, ਜਦੋਂ ਸੂਬੇ ਦੀ ਆਮਦਨ ਦਾ ਵੱਡਾ ਹਿੱਸਾ ਪਹਿਲਾਂ ਹੀ ਨਿਰਧਾਰਿਤ ਅਤੇ ਬੱਝਵੇਂ ਖਰਚਿਆਂ ਵਿੱਚ ਲੱਗ ਜਾਂਦਾ ਹੈ ਤਾਂ ਵਿਕਾਸ ਅਤੇ ਪੂੰਜੀਗਤ ਖਰਚਿਆਂ ਲਈ ਬਜਟ ਦਾ ਬਹੁਤ ਘੱਟ ਹਿੱਸਾ ਬਚਦੇ ਹਨ। ਪੰਜਾਬ ਦੀ ਵਿੱਤੀ ਹਾਲਤ ਨੂੰ ਸਮਝਣ ਲਈ ਇਸ ਦਾ ਹੋਰ ਸੂਬਿਆਂ ਨਾਲ ਤੁਲਨਾਤਮਕ ਅਧਿਐਨ ਕਰਨਾ ਵੀ ਜ਼ਰੂਰੀ ਹੈ।


ਰੋਗ ਦੇ ਅਧਿਐਨ ਅਨੁਸਾਰ 2023-24 ਵਿੱਚ 16 ਸੂਬਿਆਂ ਦਾ ਮਾਲੀਆ ਵਾਧੂ ਇਕੱਤਰ ਕਰਨ ਦੀ ਸ਼੍ਰੇਣੀ ਵਿੱਚ ਸਨ। ਉੱਤਰ ਪ੍ਰਦੇਸ਼ ਨੇ 37,000 ਕਰੋੜ ਰੁਪਏ ਤੋਂ ਵੱਧ ਦਾ ਮਾਲੀਆ ਵਾਧਾ ਦਰਜ ਕੀਤਾ, ਜੋ ਗੁਜਰਾਤ ਨਾਲੋਂ ਵੀ ਦੁੱਗਣਾ ਸੀ। ਇਸਦੇ ਉਲਟ ਪੰਜਾਬ ਲਗਾਤਾਰ ਵੱਡੇ ਮਾਲੀਆ ਘਾਟੇ ਵਾਲੇ ਸੂਬਿਆਂ ਵਿੱਚ ਸ਼ਾਮਲ ਰਿਹਾ। ਜੂਨ 2026 ਦੀ ਕੈਗ ਰਿਪੋਰਟ ਅਨੁਸਾਰ ਆਂਧਰਾ ਪ੍ਰਦੇਸ਼ 2024-25 ਵਿੱਚ ਸਭ ਤੋਂ ਵੱਡੇ ਮਾਲੀਆ ਘਾਟੇ ਵਾਲਾ ਸੂਬਾ ਰਿਹਾ, ਜਦਕਿ ਪੰਜਾਬ ਵੀ ਉੱਚ ਘਾਟੇ ਵਾਲੇ ਸੂਬਿਆਂ ਵਿੱਚ ਗਿਣਿਆ ਗਿਆ। ਸੂਬਿਆਂ ਦੇ ਸਮੂਹਿਕ ਪੱਧਰ 'ਤੇ 2025-26 ਲਈ ਔਸਤ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦੇ ਲਗਪਗ 3.14 ਫ਼ੀਸਦੀ ਦੇ ਨੇੜੇ ਕਿਆਸਿਆ ਗਿਆ ਹੈ, ਜਦਕਿ ਪੰਜਾਬ ਦਾ ਵਿੱਤੀ ਘਾਟਾ ਲਗਾਤਾਰ 4 ਫ਼ੀਸਦੀ ਜਾਂ ਇਸ ਤੋਂ ਉੱਪਰ ਦੇ ਪੱਧਰ 'ਤੇ ਬਣਿਆ ਹੋਇਆ ਹੈ। ਇਹ ਸਪੱਸ਼ਟ ਕਰਦਾ ਹੈ ਕਿ ਪੰਜਾਬ ਦੀ ਵਿੱਤੀ ਸਥਿਤੀ ਰਾਸ਼ਟਰੀ ਔਸਤ ਨਾਲੋਂ ਕਮਜ਼ੋਰ ਹੈ।

## ਕੀ ਪੰਜਾਬ ਕਰਜ਼ੇ ਦੇ ਜਾਲ ਵਿੱਚ ਫਸ ਰਿਹਾ ਹੈ?

ਕੈਗ ਨੇ ਹਾਲ ਹੀ ਵਿੱਚ ਇੱਕ ਹੋਰ ਮਹੱਤਵਪੂਰਨ ਵਿਸ਼ੇ, ਭਾਵ ਬਜਟ ਤੋਂ ਬਾਹਰ ਲਏ ਜਾਂਦੇ ਕਰਜ਼ਿਆਂ ਦਾ ਮੁੱਦਾ ਉਭਾਰਿਆ ਹੈ। ਇਹ ਉਹ ਕਰਜ਼ੇ ਹੁੰਦੇ ਹਨ ਜੋ ਸਰਕਾਰੀ ਏਜੰਸੀਆਂ ਜਾਂ ਨਿਗਮਾਂ/ਬੋਰਡਾਂ ਰਾਹੀਂ ਲਏ ਜਾਂਦੇ ਹਨ ਪਰ ਸ਼ੁਰੂਆਤੀ ਤੌਰ 'ਤੇ ਬਜਟ ਵਿੱਚ ਸਪੱਸ਼ਟ ਤੌਰ 'ਤੇ ਨਹੀਂ ਦਿਖਾਈ ਦਿੰਦੇ, ਇਸ ਨਾਲ ਅਸਲ ਕਰਜ਼ੇ ਦੀ ਸਥਿਤੀ ਦਾ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਪੰਜਾਬ ਦੇ ਮਾਮਲੇ ਵਿੱਚ ਕੈਗ ਨੇ 2023-24 ਦੌਰਾਨ 4,093 ਕਰੋੜ ਰੁਪਏ ਦੇ ਬਜਟ ਤੋਂ ਬਾਹਰ ਲਏ ਗਏ ਕਰਜ਼ਿਆਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਮਾਰਚ 2026 ਤੱਕ ਦੇ ਅੰਕੜਿਆਂ ਅਨੁਸਾਰ ਪੰਜਾਬ ਦਾ ਕੁੱਲ ਕਰਜ਼ਾ ਅਤੇ ਦੇਣਦਾਰੀਆਂ 4 ਲੱਖ ਕਰੋੜ ਰੁਪਏ ਤੋਂ ਉੱਪਰ ਪਹੁੰਚ ਚੁੱਕੀਆਂ ਸਨ। 2026-27 ਦੇ ਬਜਟ ਅਨੁਮਾਨਾਂ ਵਿੱਚ ਇਹ ਰਕਮ 4.47 ਲੱਖ ਕਰੋੜ ਰੁਪਏ ਤੱਕ ਜਾਣ ਦੀ ਸੰਭਾਵਨਾ ਹੈ, ਚੋਣਾਂ ਦਾ ਸਾਲ ਹੋਣ ਕਰਕੇ ਇਹ ਕਰਜ਼ਾ ਹੋਰ ਵਧਣ ਦੀ ਸੰਭਾਵਨਾ ਹੈ। ਜੇਕਰ ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਇੱਕ ਹੋਰ ਮਹੱਤਵਪੂਰਨ ਪਹਿਲੂ ਵੱਲ ਗੰਭੀਰਤਾ ਨਾਲ ਨਿਗ੍ਹਾ ਮਾਰੀਏ ਤਾਂ ਸਥਿਤੀ ਹੋਰ ਵੀ ਨਿਰਾਸ਼ਾਜਨਕ ਪ੍ਰਤੀਤ ਹੁੰਦੀ ਹੈ।

ਇਹ ਪਹਿਲੂ ਹੈ ਕਿ ਹਰ ਪੰਜਾਬੀ ਸਿਰ, ਭਾਵ ਪ੍ਰਤੀ ਵਿਅਕਤੀ, ਕਰਜ਼ੇ ਦਾ ਭਾਰ 2011-12 ਵਿੱਚ 30,000 ਰੁਪਏ ਸੀ। ਜਿਹੜਾ 2021-22 ਵਿੱਚ ਵਧ ਕੇ 94,000 ਰੁਪਏ ਹੋ ਗਿਆ ਸੀ, ਅਤੇ 2025-26 ਵਿੱਚ 1,33,000 ਤੱਕ ਅਪੜ ਗਿਆ ਸੀ। ਹੁਣ ਇਹ ਵੀ ਅੰਦਾਜ਼ੇ ਹਨ ਕਿ ਮਾਰਚ 2027 ਤੱਕ ਹਰ ਪੰਜਾਬੀ ਸਿਰ ਕਰਜ਼ਾ ਵਧ ਕੇ 1,42,000 ਰੁਪਏ ਹੋ ਜਾਵੇਗਾ। ਜੇਕਰ ਕਰਜ਼ਾ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਭਵਿੱਖ ਵਿੱਚ ਵਿਆਜ ਅਤੇ ਮੂਲ ਭੁਗਤਾਨ ਸੂਬੇ ਦੀ ਵਿੱਤੀ ਸਥਿਤੀ ਨੂੰ ਹੋਰ ਗੰਭੀਰ ਬਣਾ ਸਕਦੇ ਹਨ। ਪੰਜਾਬ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਸਿਰਫ਼ ਕਰਜ਼ੇ ਲੈ ਕੇ ਖਰਚੇ ਚਲਾਉਣ ਦੀ ਨੀਤੀ ਲੰਮੇ ਸਮੇਂ ਤੱਕ ਨਹੀਂ ਚੱਲ ਸਕਦੀ ਕਿਉਂਕਿ ਇਹ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਇਸ ਲਈ ਪੰਜਾਬ ਦੇ ਵਿੱਤੀ ਹਾਲਾਤ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਰਾਜਨੀਤੀ ਤੋਂ ਉੱਪਰ ਉੱਠ ਕੇ ਕਰਨੀਆਂ ਚਾਹੀਦੀਆਂ ਹਨ ਅਤੇ ਇਹ ਬਹੁਤ ਜ਼ਰੂਰੀ ਵੀ ਹਨ। ਮੁਫ਼ਤ ਸਹੂਲਤਾਂ, ਸਬਸਿਡੀਆਂ ਖ਼ਾਸ ਕਰਕੇ ਬਿਜਲੀ ਸਬਸਿਡੀ ਨੂੰ ਕੇਵਲ ਲੋੜਵੰਦਾਂ ਨੂੰ ਹੀ ਤਰਕਸੰਗਤ ਬਣਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਵਸਤਾਂ ਅਤੇ ਸੇਵਾਵਾਂ ਟੈਕਸ ਸਬੰਧੀ ਸੂਬੇ ਵੱਲੋਂ ਹੋਰ ਕਰਾਂ ਦੀ ਵਸੂਲੀ ਵਿੱਚ ਚੋਰ ਮੋਰੀਆਂ ਨੂੰ ਬੰਦ ਕਰਕੇ ਕਰਾਂ ਦੀ ਵਸੂਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਸੂਬੇ ਦੇ ਬਜਟ ਵਿੱਚ ਪੂੰਜੀਗਤ ਨਿਵੇਸ਼ ਦਾ ਹਿੱਸਾ ਕਾਫ਼ੀ ਵਧਾਉਣਾ ਚਾਹੀਦਾ ਹੈ ਤਾਂ ਜੋ ਲੋੜੀਂਦਾ ਰੁਜ਼ਗਾਰ ਅਤੇ ਮੁੱਢਲੇ ਢਾਂਚੇ ਦੀ ਉਸਾਰੀ ਕੀਤੀ ਜਾ ਸਕੇ।

ਇਵੇਂ ਹੀ ਬਜਟ ਤੋਂ ਬਾਹਰ ਲਏ ਜਾਣ ਵਾਲੇ ਕਰਜ਼ਿਆਂ ਵਿੱਚ ਪੂਰੀ ਪਾਰਦਰਸ਼ਤਾ ਲਿਆਉਣ ਦੀ ਲੋੜ ਹੈ ਤਾਂ ਜੋ ਸਹੀ ਤਸਵੀਰ ਸਾਹਮਣੇ ਆ ਸਕੇ।




ਅੰਤ ਵਿੱਚ ਸਰਕਾਰਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕਰਜ਼ੇ ਦੀ ਮਾਤਰਾ ਨੂੰ ਘੱਟ ਕਰਕੇ ਵਿਆਜ ਅਤੇ ਮੂਲ ਦੇ ਭੁਗਤਾਨ ਨੂੰ ਵੀ ਨੱਥ ਪਾਈ ਜਾ ਸਕੇ। ਜੂਨ 2026 ਦੀ ਕੈਗ ਰਿਪੋਰਟ ਅਤੇ ਪੰਜਾਬ ਦੇ 2024-25 ਬਜਟ ਦੇ ਅੰਕੜੇ ਸਪੱਸ਼ਟ ਸੰਦੇਸ਼ ਦਿੰਦੇ ਹਨ ਕਿ ਪੰਜਾਬ ਦੀ ਵਿੱਤੀ ਹਾਲਤ ਕਾਫੀ ਗੰਭੀਰ ਅਤੇ ਨਾਜ਼ੁਕ ਦੌਰ ਵਿੱਚ ਹੈ। ਵਧਦਾ ਮਾਲੀਆ ਘਾਟਾ, ਮਣਾਂ ਮੂੰਹੀ ਕਰਜ਼ਾ, ਮੁਫ਼ਤ ਸਹੂਲਤਾਂ, ਵੱਡੀਆਂ ਸਬਸਿਡੀਆਂ ਅਤੇ ਘੱਟ ਪੂੰਜੀਗਤ ਨਿਵੇਸ਼ ਸੂਬੇ ਦੀ ਵਿਕਾਸ ਸਮਰੱਥਾ ਨੂੰ ਪ੍ਰਭਾਵਿਤ ਕਰ ਰਹੇ ਹਨ। ਕਈ ਹੋਰ ਸੂਬੇ ਮਾਲੀਆ ਵਾਧਾ ਹਾਸਲ ਕਰ ਰਹੇ ਹਨ, ਪਰ ਪੰਜਾਬ ਅਜੇ ਵੀ ਦਿਨ-ਪ੍ਰਤੀ ਦਿਨ ਦੇ ਖਰਚੇ ਚਲਾਉਣ ਲਈ ਕਰਜ਼ੇ 'ਤੇ ਨਿਰਭਰ ਹੈ। ਜੇਕਰ ਵਿੱਤੀ ਅਨੁਸ਼ਾਸਨ, ਆਮਦਨ ਵਾਧੇ ਅਤੇ ਖਰਚਿਆਂ ਨੂੰ ਤਰਕਸੰਗਤ ਬਣਾਉਣ ਵੱਲ ਤੁਰੰਤ ਕਦਮ ਨਾ ਚੁੱਕੇ ਗਏ ਤਾਂ ਆਉਣ ਵਾਲੇ ਸਾਲਾਂ ਵਿੱਚ ਪੰਜਾਬ ਲਈ ਕਰਜ਼ੇ ਦੇ ਵਿਆਜ ਅਤੇ ਮੁੱਲ ਦਾ ਬੋਝ ਹੋਰ ਗੰਭੀਰ ਚੁਣੌਤੀ ਬਣ ਸਕਦਾ ਹੈ।

# ਅਗਸਤ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ, **ਸੰਗ੍ਰਹਿ ਕਰਤਾ** : ਅਮਿਤ ਕੌਲ, ਰਵਿੰਦਰ ਸਿੰਘ ਚੰਦੀ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਦਿਲਪ੍ਰੀਤ ਸਿੰਘ ਤਲਵਾੜ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।

**ਮਿਰਚਾਂ** : ਜੇਕਰ ਤਿਆਰ ਹਰੀਆਂ ਮਿਰਚਾਂ ਸਲਾਦ ਅਤੇ ਆਚਾਰ ਲਈ ਤੋੜਨੀਆਂ ਹਨ ਤਾਂ ਉਹ ਵੀ ਤੋੜ ਲਉ



। ਫ਼ਲ ਦੇ ਗਾਲੇ ਦੀ ਰੋਕਥਾਮ ਲਈ ਫ਼ਸਲ ਤੇ 250 ਮਿ.ਲਿ. ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ-45, ਜਾਂ ਬਲਾਈਟੌਕਸ ਨੂੰ 250 ਲਿਟਰ ਪਾਣੀ ਵਿੱਚ ਮਿਲਾ ਕੇ ਦਸ ਦਿਨਾਂ ਦੇ ਵਕਫ਼ੇ ਤੇ ਛਿੜਕਾਅ ਕਰੋ।

**ਗੰਢੇ** : ਇਸ ਮਹੀਨੇ ਦੇ ਤੀਸਰੇ ਹਫ਼ਤੇ ਤੇ ਸਾਉਣੀ ਦੀ ਫ਼ਸਲ ਦੀਆਂ ਗੰਢੀਆਂ ਜਾਂ ਪਨੀਰੀ ਰਾਹੀਂ ਬਿਜਾਈ ਸ਼ੁਰੂ ਕਰ ਦਿਉ। ਬਿਜਾਈ ਤੋਂ ਪਹਿਲਾਂ 45 ਕਿਲੋ ਯੂਰੀਆ, 125 ਕਿਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਉ। ਲਾਈਨਾਂ ਅਤੇ ਬੂਟੇ ਦਾ ਫ਼ਾਸਲਾ 15×7.5 ਸੈਂਟੀਮੀਟਰ ਰੱਖੋ।

**ਬਾਗਬਾਨੀ**

1. ਬਾਗਾਂ ਵਿੱਚ ਬਹੁਤ ਦੇਰ ਖੜ੍ਹਾ ਪਾਣੀ ਖਰਾਬੀ ਕਰ ਸਕਦਾ ਹੈ, ਸੋ ਵਾਧੂ ਪਾਣੀ ਕੱਢਣ ਦਾ ਢੁੱਕਵਾਂ ਪ੍ਰਬੰਧ ਕਰੋ।



ਜ਼ਿਆਦਾ ਪਾਣੀ ਖੜ੍ਹਨ ਕਾਰਨ ਬੂਟਿਆਂ ਖਾਸ ਕਰਕੇ ਪਪੀਤਾ, ਨਾਸ਼ਪਤੀ ਅਤੇ ਆੜੂ ਦੀਆਂ ਜੜ੍ਹਾਂ ਗਲਣ ਦੀ ਸ਼ਿਕਾਇਤ ਹੋ ਸਕਦੀ ਹੈ, ਇਸ ਲਈ ਇਨ੍ਹਾਂ ਬੂਟਿਆਂ ਦੁਆਲਿਓਂ ਜਿੰਨੀ ਛੇਤੀ ਹੋ ਸਕੇ, ਪਾਣੀ ਕੱਢ ਦਿਓ ਅਤੇ ਵੱਤਰ ਆਉਣ ਤੇ ਹਲਕੀ ਗੋਡੀ ਕਰੋ।

2. ਇਹ ਸਮਾਂ ਸਦਾਬਹਾਰ ਫ਼ਲਦਾਰ ਬੂਟੇ ਜਿਵੇਂ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਪਪੀਤਾ, ਚੀਕੂ ਆਦਿ ਲਗਾਉਣ ਲਈ ਬਹੁਤ ਹੀ ਢੁੱਕਵਾਂ ਸਮਾਂ ਹੈ।

3. ਨਿੰਬੂ ਜਾਤੀ ਦੇ ਬੂਟਿਆਂ ਵਿੱਚ ਜ਼ਿੰਕ ਅਤੇ ਮੈਂਗਨੀਜ਼ ਦੀ ਘਾਟ ਦੀ ਪੂਰਤੀ ਲਈ ਜ਼ਿੰਕ ਸਲਫੇਟ (4.70 ਗ੍ਰਾਮ ਪ੍ਰਤੀ ਲਿਟਰ ਪਾਣੀ) ਅਤੇ ਮੈਂਗਨੀਜ਼ ਸਲਫੇਟ (3.30 ਗ੍ਰਾਮ ਪ੍ਰਤੀ ਲਿਟਰ ਪਾਣੀ) ਨੂੰ ਮਿਲਾ ਕੇ ਛਿੜਕਾਅ ਕਰੋ।

4. ਨਿੰਬੂ ਜਾਤੀ ਦੇ ਪੈਰ ਗਲ੍ਹਣ ਦੇ ਰੋਗ (ਫ਼ਾਈਟਪਥੋਰਾ) ਨੂੰ ਰੋਕਣ ਲਈ ਕਾਰਜ਼ੇਟ ਐਮ-8 ਪੇਂਟ ਦੇ ਤੌਰ ਤੇ ਬਿਮਾਰੀ ਵਾਲੇ ਤਣੇ ਤੇ ਲਗਾਉ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਜੁਲਾਈ-ਅਗਸਤ ਵਿੱਚ (25 ਗ੍ਰਾਮ ਪ੍ਰਤੀ 10 ਲਿਟਰ ਪਾਣੀ) ਚੰਗੀ ਤਰ੍ਹਾਂ ਭਿਉਂ ਦਿਉ ਇਸਦੇ ਬਦਲ ਵਜੋਂ ਸੋਡੀਅਮ ਹਾਈਪੋਕਲੋਰਾਈਟ (5%) ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੀ ਛੱਤਰੀ ਹੇਠ ਮਿੱਟੀ ਅਤੇ ਮੁੱਖ ਤਣਿਆਂ ਨੂੰ ਗੜੁੱਚ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸੋਡੀਅਮ ਹਾਈਕਲੋਰਾਈਡ ਤੇ ਛਿੜਕਾਅ ਤੋਂ ਹਫ਼ਤੇ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਫਾਰਮੂਲੇਸ਼ਨ ਨੂੰ 2.5 ਕਿਲੋ



ਰੂੜੀ ਦੀ ਖਾਦ ਵਿੱਚ ਮਿਲਾ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟੇ ਦੀ ਛੱਤਰੀ ਹੇਠ ਪਾ ਕੇ ਵੀ ਇਸ ਰੋਗ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

5. ਨਿੰਬੂ ਜਾਤੀ ਦੇ ਫ਼ਲਾਂ ਦੇ ਕੇਰੇ ਨੂੰ ਰੋਕਣ ਲਈ 2.4-ਡੀ ਸੋਡੀਅਮ ਸਾਲਟ (ਹਾਰਟੀਕਲਚਰਲ ਗ੍ਰੇਡ) 5 ਗ੍ਰਾਮ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਸੰਤਰੇ, ਮਾਲਟੇ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਕਰੋ।

6. ਅੰਗੂਰਾਂ ਦੇ ਕੋਹੜ ਅਤੇ ਪੀਲੇ ਧੱਬਿਆਂ ਦੀ ਰੋਕਥਾਮ ਲਈ ਅਗਸਤ ਦੇ ਅਖੀਰ ਵਿੱਚ ਬੋਰਡੋ ਮਿਸ਼ਰਣ ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ।

7. ਨਿੰਬੂ ਜਾਤੀ ਦੇ ਫ਼ਲਾਂ ਵਿੱਚ ਫ਼ਲ ਦੀ ਮੱਖੀ ਦੀ ਰੋਕਥਾਮ ਲਈ ਅਗਸਤ ਦੇ ਦੂਜੇ ਹਫ਼ਤੇ 16 ਪੀ.ਏ.ਯੂ. ਫਰੂਟ ਫਲਾਈ ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਟਰੈਪ ਲਾਓ।

8. ਅਮਰੂਦਾਂ ਦੇ ਬਾਗਾਂ ਵਿੱਚ ਫ਼ਲ ਦੀ ਮੱਖੀ ਦੇ ਹਮਲੇ ਨਾਲ ਗ੍ਰਸਤ ਫ਼ਲਾਂ ਨੂੰ ਲਗਾਤਾਰ ਇਕੱਠਾ ਕਰਕੇ ਦਬਾਉਂਦੇ ਰਹੋ।

9. ਡਰੈਗਨ ਫਰੂਟ ਦੇ ਫ਼ਲਾਂ ਦੀ ਤੁੜਾਈ ਸਹੀ ਅਵਸਥਾ ਤੇ ਕਰਕੇ ਅਤੇ ਸਹੀ ਗ੍ਰੇਡ ਬਣਾ ਕੇ ਮੰਡੀਕਰਨ ਕਰੋ।

**ਸਜਾਵਟੀ ਬੂਟੇ**

**ਪੱਕੇ ਬੂਟੇ** : ਸਦਾ ਬਹਾਰ ਸਜਾਵਟੀ ਰੁੱਖ ਝਾੜੀਆਂ ਅਤੇ ਵੇਲਾਂ ਨੂੰ ਇਸ ਮਹੀਨੇ ਵਿੱਚ ਵੀ ਲਾਇਆ ਜਾ ਸਕਦਾ ਹੈ।

**ਗਮਲਿਆਂ ਵਾਲੇ ਬੂਟੇ** : ਦੋ ਤੋਂ ਤਿੰਨ ਸਾਲ ਪੁਰਾਣੇ ਗਮਲਿਆਂ ਵਾਲੇ ਬੂਟਿਆਂ ਨੂੰ ਗਮਲਿਆਂ ਵਿੱਚੋਂ ਕੱਢ ਕੇ, ਨਵੇਂ ਸਿਰਿਓਂ ਗਮਲੇ ਵਿੱਚ ਮਿੱਟੀ ਅਤੇ ਗਲ੍ਹੀ-ਸੜ੍ਹੀ ਖਾਦ ਨਾਲ ਭਰ ਕੇ ਲਗਾਉਣਾ ਚਾਹੀਦਾ ਹੈ। ਪੁਰਾਣੇ ਪੌਦਿਆਂ ਦੀਆਂ ਜੜ੍ਹਾਂ ਦੀ ਲੋੜ ਅਨੁਸਾਰ ਕਾਂਟ-ਛਾਂਟ ਵੀ ਕੀਤੀ ਜਾ ਸਕਦੀ ਹੈ। ਗਮਲੇ ਵਾਲੇ (ਜਿਵੇਂ ਕਿ ਐਗਲੋਨੀਮਾ, ਸਨੇਕ ਪਲਾਂਟ, ਐਸਪੀਡਿਸਟਰਾ, ਸਿੰਗੋਨੀਅਮ ਆਦਿ) ਬੂਟਿਆਂ ਨੂੰ ਨਿਖੇੜ ਕੇ ਪੌਦ ਵਾਧਾ ਵੀ ਇਸ ਮਹੀਨੇ ਕੀਤਾ ਜਾ ਸਕਦਾ ਹੈ।

**ਘਾਹ** : ਪਹਿਲਾਂ ਤੋਂ ਤਿਆਰ ਕੀਤੀ ਜ਼ਮੀਨ ਵਿੱਚ, ਲਾਅਨ ਬਣਾਉਣ ਲਈ ਘਾਹ ਦੀਆਂ ਜੜ੍ਹਾਂ ਜਾਂ ਮੈਟ ਇਸ ਮਹੀਨੇ ਵਿੱਚ ਵੀ ਲਾਇਆ ਜਾ ਸਕਦਾ ਹੈ। ਪਹਿਲਾਂ ਬਣੇ ਹੋਏ ਲਾਅਨ ਦੀ ਕਟਾਈ ਇਸ ਦੇ ਵਾਧੇ ਅਨੁਸਾਰ ਕਰਨੀ ਚਾਹੀਦੀ ਹੈ ਤਾਂ ਕਿ ਨਰਮ/ਗੱਦੇਦਾਰ ਲਾਅਨ ਬਣਾਇਆ ਜਾ ਸਕੇ। ਮੀਂਹ ਪੈਣ ਤੋਂ ਬਾਅਦ ਮਿੱਟੀ ਵਿੱਚ ਜ਼ਿਆਦਾ ਨਮੀਂ ਹੋਣ ਕਰਕੇ ਘਾਹ ਦੀ ਕਟਾਈ ਨਾ ਕਰੋ। ਸਮੇਂ-ਸਮੇਂ ਤੇ ਘਾਹ ਵਿੱਚੋਂ ਨਦੀਨਾਂ ਨੂੰ ਕੱਢਦੇ ਰਹੋ।

**ਗੁਲਦਾਉਦੀ** : ਪਿਛਲੇ ਮਹੀਨੇ ਗਮਲਿਆਂ ਵਿੱਚ ਲਾਈਆਂ ਸਰਪੇ ਗੁਲਦਾਉਦੀ ਦੀਆਂ ਕਲਮਾਂ ਦੇ ਟੂਸਿਆਂ ਨੂੰ ਤੋੜ ਦੇਣਾ ਚਾਹੀਦਾ ਹੈ ਤਾਂ ਜੋ ਵੱਧ ਫੁੱਲ ਲਏ ਜਾ ਸਕਣ। ਕੋਰੀਅਨ ਕਿਸਮਾਂ ਦੇ ਟੂਸਿਆਂ ਨੂੰ ਕੱਟੋ ਤਾਂ ਜੋ ਵੱਧ ਤੋਂ ਵੱਧ ਸ਼ਾਖਾਵਾਂ ਦਾ ਫੁਟਾਰਾ ਮਿਲ ਸਕੇ।

**ਗੁਲਾਬ** : ਬੂਟਿਆਂ ਦੇ ਦੁਆਲੇ ਲਗਾਤਾਰ ਨਦੀਨ ਅਤੇ ਜੜ੍ਹ ਮੁੱਢ ਤੋਂ



ਜੜੂੰਏ ਸਾਫ਼ ਕਰੋ। ਬਾਰਿਸ਼ਾਂ ਦੀ ਵਜ੍ਹਾ ਕਰਕੇ ਰੈੱਡ ਸਕੇਲ ਕੀੜੇ ਦਾ ਹਮਲਾ ਹੋ ਸਕਦਾ ਹੈ। ਇਸ ਲਈ ਸਮੇਂ-ਸਮੇਂ ਸਿਰ ਬੂਟਿਆਂ ਦਾ ਨਿਰੀਖਣ ਕਰਦੇ ਰਹੋ ਅਤੇ ਨਦੀਨਾਂ ਦੇ ਵਾਧੇ ਨੂੰ ਰੋਕਣ ਲਈ ਮਲਚਿੰਗ ਕਰੋ ਅਤੇ ਸਮੇਂ-ਸਮੇਂ ਤੇ ਪੁੱਟਦੇ ਰਹੋ।

**ਦਰੱਖਤ, ਝਾੜੀਆਂ ਅਤੇ ਵੇਲਾਂ** : ਦਰੱਖਤਾਂ ਦੇ ਬੀਜ ਸੋਧ ਕਰਕੇ ਵੀ ਇਸੇ ਮਹੀਨੇ ਨਰਸਰੀ ਬੈੱਡਾਂ ਉੱਪਰ ਬੀਜੇ ਜਾ ਸਕਦੇ ਹਨ। ਝਾੜੀਆਂ ਅਤੇ ਵੇਲਾਂ ਦੀਆਂ ਕਲਮਾਂ ਵੀ ਇਸ ਮਹੀਨੇ ਲਾਈਆਂ ਜਾ ਸਕਦੀਆਂ ਹਨ। ਗਮਲਿਆਂ ਵਿੱਚ ਲੱਗੀਆਂ ਬੋਗਨਵੇਲਿਆ ਦੀਆਂ ਤੇਜ਼ੀ ਨਾਲ ਵੱਧ ਰਹੀਆਂ ਸ਼ਾਖਾਵਾਂ ਨੂੰ ਕੱਟਦੇ ਰਹੋ ਤਾਂ ਜੋ ਇਸਦਾ ਵਾਧਾ ਕੰਟ੍ਰੋਲ ਕੀਤਾ ਜਾ ਸਕੇ।

**ਗੇਂਦਾ** : ਬੀਜ ਪੈਦਾ ਕਰਨ ਲਈ ਅਤੇ ਬਰਸਾਤੀ ਮੌਸਮ ਵਿੱਚ ਗੇਂਦੇ ਦੇ ਫੁੱਲ ਲੈਣ ਲਈ ਪੰਜਾਬ ਗੇਂਦਾ ਨੰ. 1 ਦੀ ਤਿਆਰ ਪਨੀਰੀ ਇਸ ਮਹੀਨੇ ਖੇਤ ਵਿੱਚ ਲਾਈ ਜਾ ਸਕਦੀ ਹੈ।

**ਵਣ ਖੇਤੀ** : ਜ਼ਿਆਦਾਤਰ ਦਰੱਖਤ ਜਿਵੇਂ ਕਿ ਸਫੈਦਾ, ਕਿੱਕਰ, ਸੁਬਾਬੁਲ, ਟਾਹਲੀ, ਡੇਕ, ਨਿੰਮ, ਸਾਗਵਾਨ ਆਦਿ ਦੇ ਬੂਟੇ ਜੁਲਾਈ-ਅਗਸਤ (ਬਰਸਾਤੀ ਮੌਸਮ) ਵਿੱਚ ਲਗਾਉਣੇ ਚਾਹੀਦੇ ਹਨ। ਬੂਟੇ ਦੇ ਲਗਾਉਣ ਲਈ ਟੋਏ ਦਾ ਆਕਾਰ 50×50×50 ਸੈਂਟੀਮੀਟਰ ਜਿਸ ਵਿੱਚ 50% ਟੋਏ ਦੀ ਉਪਰਲੀ ਮਿੱਟੀ ਅਤੇ 50% ਗੋਹੇ ਦੀ ਖਾਦ ਪ੍ਰਤੀ ਟੋਆ ਮਿਲਾ ਕੇ ਕਰ ਲੈਣੀ ਚਾਹੀਦੀ ਹੈ। ਬੂਟੇ ਦਾ ਲਿਫਾਫਾ ਉਤਾਰ ਕੇ ਟੋਏ ਦੇ ਵਿਚਕਾਰ ਲਗਾਉ। ਇਹ ਧਿਆਨ ਰੱਖਿਆ ਜਾਵੇ ਕਿ ਲਿਫਾਫਾ ਉਤਾਰਨ ਵੇਲੇ ਜੜ੍ਹਾਂ ਅਤੇ ਮਿੱਟੀ ਦੀ ਚਾਕਲੀ ਨੂੰ ਨੁਕਸਾਨ ਨਾ ਹੋਵੇ। ਬੂਟਾ ਲਗਾ ਕੇ ਉਸੇ ਵੇਲੇ ਪਾਣੀ ਲਗਾ ਦਿਓ।

**ਪਾਪਲਰ** : ਪਹਿਲੇ ਦੋ ਸਾਲ ਸਾਉਣੀ ਦੀਆਂ ਸਾਰੀਆਂ ਫ਼ਸਲਾਂ (ਝੋਨੇ ਤੋਂ ਇਲਾਵਾ) ਪਾਪਲਰ ਵਿੱਚ ਉਗਾਈਆਂ ਜਾ ਸਕਦੀਆਂ ਹਨ ਜਿਵੇਂ ਕਿ ਰੌਂਗੀ, ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਆਦਿ। ਪਾਪਲਰ ਤੇ ਭੱਬੂ ਕੁੱਤਾ ਅਤੇ ਪੱਤਾ ਲਪੇਟ ਸੁੰਡੀ ਦਾ ਹਮਲਾ ਇਸ ਸਮੇਂ ਕਾਫੀ ਹੁੰਦਾ ਹੈ। ਇਸ ਦੀ ਰੋਕਥਾਮ ਲਈ ਪ੍ਰਭਾਵਿਤ ਪੱਤਿਆਂ ਨੂੰ ਇਕੱਠਾ ਕਰਕੇ ਨਸ਼ਟ ਕਰ ਦਿਓ ਅਤੇ ਖੇਤਾਂ ਤੇ ਬੰਨਿਆਂ ਤੋਂ ਨਦੀਨਾਂ ਦੀ ਰੋਕਥਾਮ ਯਕੀਨੀ ਬਣਾਓ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਕਟੁੰਬਾਂ ਦਾ ਨਿਰੀਖਣ ਤੇਜ਼ੀ ਨਾਲ ਕਰੋ। ਖੁਰਾਕ ਦੀ ਘਾਟ ਅਤੇ ਬਾਹਰੋਂ ਖੁਰਾਕ ਦੀ ਆਮਦ ਦੀ ਅਣਹੋਂਦ ਦੀ ਸੂਰਤ ਵਿੱਚ ਇੱਕ ਹਿੱਸਾ ਖੰਡ ਅਤੇ ਇੱਕ ਹਿੱਸਾ ਪਾਣੀ ਦਾ ਘੋਲ ਬਣਾ ਕੇ ਦੇਰ ਸ਼ਾਮ ਵੇਲੇ ਸਾਰੇ ਕਟੁੰਬਾਂ ਨੂੰ ਖੁਰਾਕ ਵਜੋਂ ਦਿਓ। ਤਰਜ਼ੀਹ ਦੇ ਤੌਰ ਤੇ ਇਹ ਫੀਡ ਡਵੀਜ਼ਨ ਬੋਰਡ ਫੀਡਰ ਰਾਹੀਂ ਜਾਂ ਖਾਲੀ ਛੱਤਿਆਂ ਵਿੱਚ ਭਰ ਕੇ ਦਿਓ। ਰੋਬਿੰਗ ਤੋਂ ਬਚਣ ਦੇ ਉਪਰਾਲੇ ਕਰੋ ਅਤੇ ਲੋੜ ਪੈਣ ਤੇ ਇਸ ਦੀ ਰੋਕਥਾਮ ਲਈ ਪੀ.ਏ.ਯੂ. ਵੱਲੋਂ ਸਿਫ਼ਾਰਿਸ਼ ਕੀਤੇ ਢੰਗ ਅਪਣਾਓ। ਬਰੂਡ ਦੇ ਵਾਧੇ ਲਈ ਸਟੋਰ ਕੀਤਾ ਪਰਾਗ ਜਾਂ ਪੀ. ਏ. ਯੂ. ਪਰਾਗ ਬਦਲ (ਪੋਲਨ ਸਬਸਟੀਚਿਊਟ / ਸਪਲੀਮੈਂਟ) ਖੁਰਾਕ ਵਜੋਂ ਦਿਓ। ਕਟੁੰਬਾਂ ਨੂੰ ਮੋਮੀ ਕੀੜੇ, ਕਾਲੇ ਕੀੜੇ,



ਦੰਦਈਏ ਅਤੇ ਹਰੀ ਚਿੜੀਆਂ ਦੇ ਹਮਲੇ ਤੋਂ ਬਚਾਉ। ਵਾਧੂ ਸਟੋਰ ਕੀਤੇ ਛੱਤਿਆਂ ਨੂੰ ਵੀ ਮੋਮੀ ਕੀੜੇ ਦੇ ਹਮਲੇ ਤੋਂ ਬਚਾਉਣ ਲਈ ਗੰਧਕ ਦੀ ਧੂਣੀ ਦਿਓ। ਕਮਜ਼ੋਰ, ਰਾਣੀ-ਰਹਿਤ ਅਤੇ ਲੇਇੰਗ ਵਰਕਰ ਕਟੁੰਬਾਂ ਨੂੰ ਪੀ.ਏ.ਯੂ. ਦੁਆਰਾ ਸਿਫ਼ਾਰਸ਼ ਕੀਤੇ ਤਰੀਕੇ ਅਨੁਸਾਰ ਰਾਣੀ ਵਾਲੇ ਕਟੁੰਬਾਂ ਨਾਲ ਮਿਲਾਓ। ਕਟੁੰਬਾਂ ਨੂੰ ਉੱਚੇ ਸਟੈਂਡਾਂ ਉੱਤੇ ਹੀ ਰੱਖੋ ਅਤੇ ਥੋੜਾ ਜਿਹਾ ਮੂਹਰਲੇ ਪਾਸੇ ਝੁਕਾ ਕੇ ਰੱਖੋ ਤਾਂ ਕਿ ਮੀਂਹ ਦਾ ਪਾਣੀ ਕਟੁੰਬਾਂ ਦੇ ਅੰਦਰ ਵੜ ਅਤੇ ਖੜ੍ਹ ਨਾ ਸਕੇ। ਕਟੁੰਬਾਂ ਨੂੰ ਇਸ ਮੌਸਮ ਵਿੱਚ ਬਰਸਾਤੀ ਪਾਣੀ ਅਤੇ ਨਾਲਿਆਂ ਦੇ ਰਾਹ ਅਤੇ ਨੀਵੀਂ ਜਗ੍ਹਾ ਤੇ ਨਾ ਰੱਖੋ। ਕਟੁੰਬਾਂ ਨੂੰ ਉੱਚੇ ਥਾਂ ਤੇ ਰੱਖੋ ਤਾਂ ਕਿ ਕਟੁੰਬਾਂ ਨੂੰ ਹਵਾਦਾਰ ਰੱਖਿਆ ਜਾ ਸਕੇ। ਸ਼ਹਿਦ ਮੱਖੀ ਹਾਈਵ ਦੇ ਉਪਰਲੇ ਢੱਕਣ, ਜੋ ਕਿ ਜਿਸਤੀ ਚੱਦਰ ਨਾਲ ਉੱਪਰੋਂ ਢੱਕਿਆ ਹੋਵੇ, ਦੀ ਵਰਤੋਂ ਜ਼ਰੂਰ ਕਰੋ। ਕਟੁੰਬਾਂ ਦੇ ਹੇਠੋਂ ਅਤੇ ਆਸੇ-ਪਾਸਿਓਂ ਨਦੀਨਾਂ ਨੂੰ ਸਾਫ ਕਰਦੇ ਰਹੋ। ਅੰਦਰਲੇ ਢੱਕਣ ਦੇ ਸੈਂਟਰ ਵਿੱਚ ਫਿੱਟ ਜਾਲੀ ਦੇ ਸੁਰਾਖ ਪ੍ਰੋਪੋਲਿਸ ਨਾਲ ਬੰਦ ਨਹੀਂ ਬੰਦ ਹੋਣੇ ਚਾਹੀਦੇ, ਸਗੋਂ ਬਿਲਕੁਲ ਸਾਫ ਹੋਣੇ ਚਾਹੀਦੇ ਹਨ।

**ਖੁੰਬਾਂ ਦੀ ਕਾਸ਼ਤ** : ਇਸ ਮਹੀਨੇ ਦੌਰਾਨ ਪਰਾਲੀ ਖੁੰਬ ਦੀ ਕਾਸ਼ਤ ਲਈ ਤਿਆਰ ਕੀਤੇ ਗਏ ਪਰਾਲੀ ਦੇ ਪੂਲਿਆਂ ਨੂੰ ਤਾਜ਼ੇ ਪਾਣੀ ਨਾਲ ਚੰਗੀ ਤਰ੍ਹਾਂ ਗਿੱਲਾ ਕਰੋ ਤਾਂ ਜੋ 70-75% ਨਮੀ ਪੂਲਿਆ ਵਿੱਚ ਬਣ ਜਾਵੇ। ਸਿਫਾਰਸ਼ ਅਨੁਸਾਰ ਪਰਾਲੀ ਖੁੰਬਾਂ ਦੇ ਬੈੱਡ ਬਣਾਉ ਅਤੇ ਬੀਜ ਰਲਾਉ। ਬੀਜ ਰਲਾਉਣ ਤੋਂ ਇੱਕ ਦਿਨ ਬਾਅਦ, ਪਰਾਲੀ ਦੇ ਬੈੱਡਾਂ ਨੂੰ ਹਰ ਰੋਜ਼ ਦੋ ਵਾਰ ਪਾਣੀ ਦਾ ਛਿੜਕਾਅ ਕਰੋ। ਰੇਸ਼ਾ ਫੈਲਣ ਤੋਂ 10-14 ਦਿਨਾਂ ਬਾਅਦ ਖੁੰਬਾਂ ਫੁੱਟਣ ਲੱਗਦੀਆਂ ਹਨ। ਇਹਨਾਂ ਪਰਾਲੀ ਦੇ ਬੈੱਡਾਂ ਵਿੱਚ ਰੇਸ਼ਾ ਫੈਲਣ ਤੋਂ ਬਾਅਦ ਇੱਕ ਮਹੀਨੇ ਤੱਕ ਖੁੰਬਾਂ ਦੀ ਤੁੜਾਈ ਕੀਤੀ ਜਾ ਸਕਦੀ ਹੈ। ਫ਼ਸਲ ਦੀ ਤੁੜਾਈ ਤੋਂ ਬਾਅਦ, ਵਰਤੇ ਗਏ ਪਰਾਲੀ ਦੇ ਬੈੱਡਾਂ ਨੂੰ ਹਟਾ ਦਿਉ ਅਤੇ ਅਗਲੀ ਫ਼ਸਲ ਲਈ ਨਵੇਂ ਬੈੱਡ ਲਗਾਓ। ਇਸ ਮਹੀਨੇ ਦੌਰਾਨ ਮਿਲਕੀ ਖੁੰਬ ਦੀ ਫ਼ਸਲ ਅਤੇ ਤੁੜਾਈ ਵੀ ਜਾਰੀ ਰਹਿੰਦੀ ਹੈ।

**ਡੇਅਰੀ ਫਾਰਮਿੰਗ**

**1. ਫੋਗਰ ਅਤੇ ਸਪ੍ਰਿੰਕਲਰ ਦੀ ਵਰਤੋਂ** : ਅਗਸਤ ਦੇ ਉੱਚ ਨਮੀ (ਹੁੰਮਸ) ਵਾਲੇ ਦਿਨਾਂ ਦੌਰਾਨ ਫੋਗਰ ਜਾਂ ਸਪ੍ਰਿੰਕਲਰ ਦੀ ਵਰਤੋਂ ਕਰਨ ਤੋਂ ਬਚੋ, ਕਿਉਂਕਿ ਇਹ ਪਸ਼ੂ ਦੇ ਆਲੇ-ਦੁਆਲੇ ਗਰਮੀ ਨੂੰ ਬੰਨ੍ਹ ਦਿੰਦਾ ਹੈ। ਹਵਾ ਦੀ ਵੱਧ ਤੋਂ ਵੱਧ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤੇਜ਼ ਰਫ਼ਤਾਰ ਵਾਲੇ ਐਗਜ਼ਾਸਟ ਅਤੇ ਪੱਖਿਆਂ 'ਤੇ ਨਿਰਭਰ ਕਰੋ। ਸਪ੍ਰਿੰਕਲਰ ਦੀ ਵਰਤੋਂ ਸਿਰਫ਼ ਬਹੁਤ ਜ਼ਿਆਦਾ ਖੁਸ਼ਕ ਅਤੇ ਗਰਮ ਦਿਨਾਂ 'ਤੇ ਹੀ ਕਰੋ।

**2. ਜ਼ਖਮਾਂ ਦੀ ਦੇਖਭਾਲ** : ਜੇਕਰ ਪਸ਼ੂ ਦੇ ਸਰੀਰ 'ਤੇ ਕੋਈ ਜ਼ਖਮ ਹੈ, ਤਾਂ ਉਸਨੂੰ ਮੱਖੀਆਂ ਤੋਂ ਬਚਾਓ ਤਾਂ ਜੋ ਉਸ ਵਿੱਚ ਕੀੜੇ ਨਾ ਪੈਣ, ਮੱਖੀਆਂ ਨੂੰ ਦੂਰ ਰੱਖਣ ਵਾਲੀ ਮੱਲ੍ਹਮ ਜਿਵੇਂ ਕਿ ਟੋਪੀਕਿਓਰ ਸਪਰੇਅ ਜਾਂ ਲੋਰੈਕਸੇਨ ਲਗਾਓ।

**3. ਪਰਜੀਵੀਆਂ (ਚਿੱਚੜ / ਜੂੰਆਂ / ਮੱਖੀਆਂ) ਦੀ ਰੋਕਥਾਮ** : ਇਹ ਮਹੀਨਾ ਗਰਮ ਪਾਣੀ ਅਤੇ ਹੁੰਮਸ ਭਰਿਆ ਹੁੰਦਾ ਹੈ, ਜਿਸ ਦੌਰਾਨ ਮੱਖੀਆਂ, ਜੂੰਆਂ ਅਤੇ ਚਿੱਚੜ ਬਹੁਤ ਆਮ ਹੋ ਜਾਂਦੇ ਹਨ। ਇਹ ਖੂਨ ਚੂਸਦੇ ਹਨ, ਚਮੜੀ 'ਤੇ ਜਲਣ ਪੈਦਾ ਕਰਦੇ ਹਨ ਅਤੇ

ਬਾਕੀ ਸਫਾ 10 'ਤੇ



# ਆਓ ਹਰਿਆ-ਭਰਿਆ ਪੰਜਾਬ ਮੁਹਿੰਮ ਵਿੱਢੀਏ

ਮਨੁੱਖ ਅਤੇ ਰੁੱਖ ਦਾ ਮੁੱਢ-ਕਦੀਮੀ ਰਿਸ਼ਤਾ ਰਿਹਾ ਹੈ। ਰੁੱਖਾਂ ਦੀ ਦਿਨ-ਬ-ਦਿਨ ਹੋ ਰਹੀ ਕਟਾਈ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ। ਗਲੋਬਲ ਵਾਰਮਿੰਗ ਦੇ ਚਲਦਿਆਂ ਰੁੱਖ ਹੀ ਸਾਡੇ ਸਹਾਈ ਹੋ ਸਕਦੇ ਹਨ। ਅੱਜ ਲੋੜ ਹੈ ਕਿ ਅਜਿਹੀ ਮੁਹਿੰਮ ਚਲਾਈ ਜਾਵੇ ਜਿਸ ਨਾਲ ਪੰਜਾਬ ਦਾ ਵਾਤਾਵਰਨ ਹਰਿਆ-ਭਰਿਆ ਹੋ ਸਕੇ। ਇਸ ਮੁਹਿੰਮ ਵਿਚ ਸਾਡਾ ਸਭ ਦਾ ਯੋਗਦਾਨ ਜ਼ਰੂਰੀ ਹੈ।

ਰੁੱਖ ਲਾਉਣ ਤੋਂ ਇਲਾਵਾ ਰੁੱਖ ਪਾਲਣੇ ਔਖਾ ਕੰਮ ਹੈ। ਸੋ ਇਸ ਕੰਮ ਨੂੰ ਹਰ ਪੰਜਾਬੀ ਜ਼ਿੰਮੇਵਾਰੀ ਨਾਲ ਨਿਭਾਵੇ। ਹਰ ਕਿਸਾਨ ਆਪਣੇ ਟਿਊਬਵੈੱਲ ਦੁਆਲੇ ਦਸ ਪੰਦਰਾਂ ਰੁੱਖ ਲਾ ਕੇ ਜ਼ਰੂਰ ਪਾਲੇ। ਸੜਕਾਂ ਅਤੇ ਪਹੀਆਂ ਦੇ ਦੋਹਾਂ ਪਾਸੇ ਸਰਕਾਰ ਵਲੋਂ ਜੰਗਲਾਤ ਮਹਿਕਮੇ ਤੋਂ ਰੁੱਖ ਲਗਵਾਏ ਜਾਣ, ਉਨ੍ਹਾਂ ਨੂੰ ਪਾਲਣ ਦੀ ਜ਼ਿੰਮੇਵਾਰੀ ਖੇਤ ਵਾਲੇ ਕਿਸਾਨ ਦੀ ਹੋਵੇ। ਹਾਂ, ਰੁੱਖ ਕਿਸਾਨ ਦੀ ਫਸਲ ਨੂੰ ਮਾਰ ਕਰੇਗਾ, ਇਸ ਲਈ ਰੁੱਖਾਂ ਦੀ ਆਮਦਨ ਦਾ ਅਧਿਕਾਰ ਉਸ ਕਿਸਾਨ ਦਾ ਹੀ ਹੋਵੇ।

ਪੰਚਾਇਤੀ ਜ਼ਮੀਨਾਂ ਦੇ ਬੰਨ੍ਹਿਆਂ ਉੱਤੇ ਵੀ ਰੁੱਖਾਂ ਦੀਆਂ ਪਾਲਾਂ ਲਾਈਆਂ ਜਾਣ, ਸਾਂਝੀਆਂ ਖੁੱਲ੍ਹੀਆਂ ਥਾਵਾਂ ਉੱਤੇ ਵੱਡੇ ਛਾਂਦਾਰ ਰੁੱਖ ਲਗਾਏ ਜਾਣ ਤੇ ਪੰਚਾਇਤ ਆਪਣੀ ਦੇਖ-ਰੇਖ ਹੇਠ ਪਾਲੇ। ਵੱਡਿਆਂ ਵਿਹੜਿਆਂ ਵਿਚ ਇਕ ਦੋ ਦਰੱਖਤ ਜ਼ਰੂਰ ਲਾਏ ਜਾਣ ਅਜਿਹਾ ਸਰਕਾਰ ਵੱਲੋਂ ਜ਼ਰੂਰੀ ਕੀਤਾ ਜਾਣਾ ਚਾਹੀਦਾ ਹੈ। ਸਾਰੇ ਰੁੱਖਾਂ ਦਾ ਲੇਖਾ-ਜੋਖਾ ਜੰਗਲਾਤ ਮਹਿਕਮਾ ਰੱਖੇ। ਲੋਕਾਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਉਤਸ਼ਾਹਿਤ ਕਰਨ ਤੋਂ ਇਲਾਵਾ ਰੁੱਖਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਨੂੰ ਸਜ਼ਾ (ਜੁਰਮਾਨੇ) ਦੀ ਵਿਵਸਥਾ ਹੋਵੇ। ਕਿਸੇ ਵੀ ਦਰੱਖਤ ਦੀ ਦੋ ਤਿੰਨ ਸਾਲ ਸੰਭਾਲ ਕਰਨ ਤੋਂ ਬਾਅਦ ਉਸ ਦਾ ਵਾਧਾ ਖੁਦ-ਬ-ਖੁਦ ਹੁੰਦਾ ਰਹਿੰਦਾ ਹੈ, ਇਸ ਤਰ੍ਹਾਂ ਸਾਡਾ ਪੰਜਾਬ ਹਰਿਆ-ਭਰਿਆ ਹੋਵੇਗਾ, ਹਵਾ ਵੀ ਸ਼ੁੱਧ ਹੋਵੇਗੀ, ਮੀਂਹ ਪੈਣਗੇ ਅਤੇ ਰੁੱਖਾਂ ਉੱਤੇ ਜਾਨਵਰਾਂ ਦੇ ਰੈਣ-ਬਸੇਰੇ ਵੀ ਹੋ ਜਾਣਗੇ। ਸਰਕਾਰ ਨੂੰ ਅਪੀਲ ਹੈ ਕਿ ਹੁਣ ਬਰਸਾਤ ਵਿਚ ਅਜਿਹੀ ਮੁਹਿੰਮ ਦਾ ਆਗਾਜ਼ ਕੀਤਾ ਜਾਵੇ ਤਾਂ ਜੋ ਸਮਾਂ ਰਹਿੰਦਿਆਂ ਪੰਜਾਬ ਨੂੰ ਰੇਗਿਸਤਾਨ ਹੋਣੋਂ ਬਚਾ ਲਿਆ ਜਾਵੇ।

**ਮਾ: ਰਾਜ ਸਿੰਘ ਬਧੌਛੀ,**
**ਪਿੰਡ ਤੇ ਡਾਕ: ਬਧੌਛੀ, ਕਲਾਂ (ਫ. ਗ. ਸ.)**
**ਮੋਬਾਈਲ : 70098-78336**

ਬਾਕੀ ਸਫਾ 9 ਦੀ

# ਅਗਸਤ ਮਹੀਨੇ ਦੇ ਖੇਤੀ ਰੁਝੇਵੇਂ

ਬਿਮਾਰੀਆਂ ਫੈਲਾਉਂਦੇ ਹਨ। ਇਸ ਦੀ ਰੋਕਥਾਮ ਲਈ, 2 ਮਿਲੀਲਿਟਰ ਅਮਿਤਰਾਜ ਜਾਂ ਡੈਲਟਾਮੈਥਰਿਨ (ਬੂਟੋਕਸ) ਪ੍ਰਤੀ ਲੀਟਰ ਪਾਣੀ ਵਿੱਚ ਮਿਲਾ ਕੇ ਸਿਰਫ਼ ਪਸ਼ੂਆਂ 'ਤੇ ਸਪਰੇਅ ਕਰੋ (ਅੱਖਾਂ/ਮੂੰਹ ਅਤੇ 6 ਮਹੀਨਿਆਂ ਤੋਂ ਛੋਟੇ ਪਸ਼ੂਆਂ ਨੂੰ ਬਚਾਓ)। ਬੈੱਡ ਦੀ ਸਫਾਈ ਲਈ, 10 ਮਿਲੀਲਿਟਰ ਕੇਰੋਸੋਲਿਨ ਟੀ.ਐਚ. ਪ੍ਰਤੀ ਲੀਟਰ ਪਾਣੀ ਵਿੱਚ ਮਿਲਾ ਕੇ ਸ਼ੈੱਡ ਦੇ ਫਰਸ਼ ਅਤੇ ਕੰਧਾਂ



'ਤੇ ਉਦੋਂ ਹੀ ਸਪਰੇਅ ਕਰੋ ਜਦੋਂ ਪਸ਼ੂ ਬਾਹਰ ਹੋਣ। ਕੇਰੋਸੋਲਿਨ ਦਾ ਸਿੱਧਾ ਪਸ਼ੂਆਂ 'ਤੇ ਕਦੇ ਵੀ ਛਿੜਕਾਅ ਨਾ ਕਰੋ ਅਤੇ 15 ਦਿਨਾਂ ਦੇ ਵਕਫ਼ੇ ਬਾਅਦ ਸਪਰੇਅ ਦੁਹਰਾਓ। ਸ਼ੈੱਡ ਦੀਆਂ ਨੁੱਕਰਾਂ, ਤਰੇੜਾਂ ਆਦਿ 'ਤੇ ਖਾਸ ਤੌਰ 'ਤੇ ਸਪਰੇਅ ਕਰੋ। ਪੂਰਾ ਧਿਆਨ ਰੱਖੋ ਕਿ ਕੀਟਨਾਸ਼ਕ ਪਸ਼ੂਆਂ ਦੀ ਫੀਡ, ਪੱਠਿਆਂ ਅਤੇ ਪੀਣ ਵਾਲੇ ਪਾਣੀ ਵਿੱਚ ਨਾ ਰਲੇ। ਕੀਟਨਾਸ਼ਕ ਦਾ ਛਿੜਕਾਅ ਕਰਦੇ ਸਮੇਂ ਕੰਪਨੀ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰੋ।

**4. ਪੇਟ ਦੇ ਕੀੜਿਆਂ ਦੀ ਰੋਕਥਾਮ** : ਪਸ਼ੂਆਂ ਦੇ ਪੇਟ ਦੇ ਕੀੜੇ ਮਾਰਨ ਲਈ ਦਵਾਈਆਂ ਜਿਵੇਂ ਕਿ ਐਲਬੈਂਡਾਜ਼ੋਲ ਅਤੇ ਲੀਵਾਮਿਸੋਲ ਦੀ ਵਰਤੋਂ ਕਰੋ। ਗਰਭ ਅਵਸਥਾ ਦੇ ਆਖਰੀ ਦਿਨਾਂ ਵਿੱਚ ਫੇਨਬੈਂਡਾਜ਼ੋਲ ਦੀ ਵਰਤੋਂ ਕਰੋ।

**5. ਸਾਈਲੇਜ ਦੀ ਵਰਤੋਂ** : ਇਸ ਸਮੇਂ ਦੌਰਾਨ ਹਰੇ ਪੱਠਿਆਂ ਦੀ ਘਾਟ ਹੁੰਦੀ ਹੈ ਅਤੇ ਭਾਰੀ ਮੀਂਹ ਰੋਜ਼ਾਨਾ ਪੱਠੇ ਕੱਢਣ ਵਿੱਚ ਵਿਘਨ ਪਾ ਸਕਦਾ ਹੈ, ਇਸ ਲਈ ਸਾਈਲੇਜ 'ਤੇ ਨਿਰਭਰ ਰਹਿਣ ਨਾਲ ਪਸ਼ੂਆਂ ਦਾ ਦੁੱਧ ਉਤਪਾਦਨ ਬਰਕਰਾਰ ਰਹਿੰਦਾ ਹੈ। ਅਗਾਂਹਵਧੂ ਕਿਸਾਨ ਪਹਿਲਾਂ ਹੀ ਸਾਰਾ ਸਾਲ ਸਾਈਲੇਜ ਦੀ ਵਰਤੋਂ ਕਰ ਰਹੇ ਹਨ।

**6. ਖੁਰਾਕ ਦਾ ਸਮਾਂ** : ਪਸ਼ੂਆਂ ਨੂੰ ਦਿਨ ਵਿੱਚ 4-5 ਵਾਰ ਥੋੜ੍ਹੀ-ਥੋੜ੍ਹੀ ਖੁਰਾਕ ਦੇਣੀ ਚਾਹੀਦੀ ਹੈ ਅਤੇ ਖੁਰਾਕ ਨੂੰ ਹਜ਼ਮ ਕਰਨ ਵੇਲੇ ਪੈਦਾ ਹੋਣ ਵਾਲੀ ਗਰਮੀ ਨੂੰ ਘਟਾਉਣ ਲਈ, ਪਸ਼ੂਆਂ ਨੂੰ ਦਿਨ ਦੇ ਠੰਢੇ ਸਮੇਂ ਦੌਰਾਨ ਵੰਡ ਪਾਓ।

**7. ਸੰਤੁਲਿਤ ਖੁਰਾਕ ਅਤੇ ਤੇਜ਼ਾਬੀਪਣ ਤੋਂ ਬਚਾਅ** : ਦੁੱਧ ਦੇਣ ਵਾਲੇ ਪਸ਼ੂਆਂ ਵਿੱਚ ਤੇਜ਼ਾਬੀਪਣ ਤੋਂ ਬਚਣ ਲਈ, ਪਸ਼ੂ ਦੇ ਦੁੱਧ ਉਤਪਾਦਨ ਦੇ ਅਨੁਸਾਰ ਘੱਟੋ-ਘੱਟ 30-35 ਕਿਲੋ ਹਰੇ ਪੱਠਿਆਂ ਵਿੱਚ 1 ਤੋਂ 1.5 ਕਿਲੋ ਤੂੜੀ, 50 ਗ੍ਰਾਮ ਸਧਾਰਨ ਨਮਕ ਅਤੇ 50-100 ਗ੍ਰਾਮ ਮਿੱਠਾ ਸੋਡਾ ਮਿਲਾ ਕੇ ਦਿਓ। ਗਾਂ ਦੇ ਹਰ 2.5 ਕਿਲੋ ਅਤੇ ਮੱਝ ਦੇ 2 ਕਿਲੋ ਦੁੱਧ ਪਿੱਛੇ 1 ਕਿਲੋ ਵੰਡ ਦਿਓ।

**8. ਉੱਲੀ ਅਤੇ ਐਫਲਾਟੌਕਸਿਨ ਤੋਂ ਬਚਾਅ** : ਅਗਸਤ ਵੇਲੇ ਸਟੋਰ ਕੀਤੀ ਫੀਡ ਅਤੇ ਤੂੜੀ ਵਿੱਚ ਉੱਲੀ ਦੇ ਵਾਧੇ ਦੇ ਜ਼ਿਆਦਾ ਆਸਾਰ ਹੁੰਦੇ ਹਨ, ਇਹ ਐਫਲਾਟੌਕਸਿਨ ਬੀ1 ਦੇ ਫੈਲਾਅ ਲਈ ਸਭ ਤੋਂ ਵੱਧ ਖਤਰੇ ਵਾਲਾ ਮਹੀਨਾ ਹੈ। ਦੁੱਧ ਦੇ ਪੈਦਾਵਾਰ ਵਿੱਚ ਕਮੀ ਨੂੰ ਰੋਕਣ ਅਤੇ ਜਿਗਰ ਨੂੰ ਸੁਰੱਖਿਅਤ ਰੱਖਣ ਲਈ 1 ਕੁਇੰਟਲ ਵੰਡ ਵਿੱਚ 100 ਗ੍ਰਾਮ ਮੋਲਡ ਇਨਿਹਿਬਟਰ ਅਤੇ ਟੌਕਸਿਨ ਬਾਈਂਡਰ ਮਿਲਾਓ।

**9. ਪਾਣੀ ਦੀ ਪੂਰਤੀ** : ਪਸ਼ੂ ਦੇ ਪਿਸ਼ਾਬ ਦਾ ਰੰਗ ਚੈੱਕ ਕਰੋ। ਜੇਕਰ ਰੰਗ ਪੀਲਾ ਹੈ, ਤਾਂ ਇਸਦਾ ਮਤਲਬ ਹੈ ਕਿ ਪਸ਼ੂ ਘੱਟ ਪਾਣੀ ਪੀ ਰਿਹਾ ਹੈ। ਪਸ਼ੂਆਂ ਲਈ ਹਰ ਵੇਲੇ ਸਾਫ਼ ਪਾਣੀ ਦਾ ਪ੍ਰਬੰਧ ਕਰੋ। ਜੇਕਰ ਪਸ਼ੂ ਪਾਣੀ ਘੱਟ ਪੀ ਰਿਹਾ ਹੈ ਤਾਂ ਉਸਦੀ ਖੁਰਾਕ ਉੱਪਰ 50-70 ਗ੍ਰਾਮ ਨਮਕ ਪਾਓ।

**10. ਖੂਨ ਦੀ ਕਮੀ ਅਤੇ ਬਿਮਾਰੀਆਂ ਦੀ ਜਾਂਚ** : ਖੂਨ ਦੀ ਕਮੀ ਅਤੇ ਚਿੱਚੜਾਂ ਕਾਰਨ ਹੋਣ ਵਾਲੀਆਂ ਬਿਮਾਰੀਆਂ ਦਾ ਪਤਾ ਲਗਾਉਣ ਲਈ ਪਸ਼ੂ ਦੇ ਮੂੰਹ ਦੀ ਝਿੱਲੀ, ਅੱਖਾਂ ਅਤੇ ਯੋਨੀ ਦੀ ਝਿੱਲੀ ਦੇ ਫਿੱਕੇਪਣ ਦੀ ਲਗਾਤਾਰ ਜਾਂਚ ਕਰਦੇ ਰਹੋ ਅਤੇ ਗੁਦਾ ਦਾ ਤਾਪਮਾਨ ਵੀ ਚੈੱਕ ਕਰੋ। ਜੇਕਰ ਤਾਪਮਾਨ 102$^0$F ਤੋਂ ਵੱਧ ਹੈ ਤਾਂ ਪਸ਼ੂਆਂ ਦੇ ਡਾਕਟਰ ਦੀ ਸਲਾਹ ਲਓ।

**11. ਥਣੈਲਾ ਰੋਗ ਤੋਂ ਬਚਾਅ** : ਪਸ਼ੂਆਂ ਦੇ ਬੈਠਣ ਵਾਲੀ ਜਗ੍ਹਾ ਨੂੰ ਜਿੰਨਾ ਹੋ ਸਕੇ ਸੁੱਕਾ ਰੱਖੋ। ਚੁਆਈ ਤੋਂ ਬਾਅਦ ਪੋਵੀਡੋਨ-ਆਇਓਡੀਨ ਘੋਲ ਅਤੇ ਗਲਿਸਰੀਨ ਨੂੰ 3:1 ਦੇ ਅਨੁਪਾਤ ਵਿੱਚ ਮਿਲਾ ਕੇ ਥਣਾਂ ਨੂੰ ਡਿੱਪ ਕਰਨਾ ਲਾਜ਼ਮੀ ਬਣਾਓ। ਚੁਆਈ ਤੋਂ ਤੁਰੰਤ ਬਾਅਦ ਤਾਜ਼ੇ ਹਰੇ ਪੱਠੇ ਜਾਂ ਵੰਡ ਪਾਓ ਤਾਂ ਜੋ ਪਸ਼ੂ ਘੱਟੋ-ਘੱਟ 30 ਤੋਂ 45 ਮਿੰਟ ਤੱਕ ਖੜ੍ਹੇ ਰਹਿਣ। ਇਸ ਨਾਲ ਗਿੱਲੇ ਫਰਸ਼ 'ਤੇ ਬੈਠਣ ਤੋਂ ਪਹਿਲਾਂ ਥਣਾਂ ਦੇ ਛੇਕ ਚੰਗੀ ਤਰ੍ਹਾਂ ਬੰਦ ਹੋ ਜਾਂਦੇ ਹਨ।

**12. ਖੁਰਾਂ ਦੀ ਦੇਖਭਾਲ** : ਲਗਾਤਾਰ ਗਿੱਲੇ ਫਰਸ਼ ਅਤੇ ਚਿੱਕੜ ਦੇ ਸੰਪਰਕ ਵਿੱਚ ਰਹਿਣ ਨਾਲ ਪਸ਼ੂਆਂ ਦੇ ਖੁਰ ਨਰਮ ਹੋ ਜਾਂਦੇ ਹਨ, ਜਿਸ ਕਾਰਨ ਮਾਨਸੂਨ ਦੌਰਾਨ ਪਸ਼ੂਆਂ ਵਿੱਚ ਫੁੱਟ ਰੋਟ (ਖੁਰਾਂ ਦਾ ਗਲਣਾ) ਅਤੇ ਲੰਗੜਾਪਣ ਦਾ ਖਤਰਾ ਬਹੁਤ ਵੱਧ ਜਾਂਦਾ ਹੈ। ਅਜਿਹੇ ਪਸ਼ੂਆਂ ਨੂੰ ਵੱਖ ਕਰੋ ਅਤੇ ਉਨ੍ਹਾਂ ਦੇ ਪੈਰਾਂ ਨੂੰ 5% ਕਾਪਰ ਸਲਫੇਟ (ਨੀਲਾ ਥੋਥਾ) ਦੇ ਘੋਲ ਵਿੱਚੋਂ ਕੱਢੋ। ਜੇਕਰ ਸੋਜ ਆਉਂਦੀ ਹੈ ਤਾਂ ਤੁਰੰਤ ਪਸ਼ੂਆਂ ਦੇ ਡਾਕਟਰ ਨਾਲ ਸੰਪਰਕ ਕਰੋ।

**ਮੁਰਗੀ ਪਾਲਣ**

**1. ਖੁਰਾਕ ਦਾ ਪ੍ਰਬੰਧ** : ਗਰਮੀਆਂ ਵਿੱਚ ਪੰਛੀਆਂ ਦੀ ਖੁਰਾਕ ਖਾਣ ਦੀ ਸਮਰੱਥਾ ਘਟ ਜਾਂਦੀ ਹੈ, ਇਸ ਖੁਰਾਕ ਵਿੱਚ ਤੱਤਾਂ ਦੀ ਸੰਘਣਤਾ ਵਧਾਓ। ਪੰਛੀ ਦੀ ਉਮਰ ਅਤੇ ਅਵਸਥਾ ਦੇ ਹਿਸਾਬ ਨਾਲ ਪ੍ਰੋਟੀਨ ਦੀ ਮਾਤਰਾ 15-20% ਦੇ ਵਿਚਕਾਰ ਰੱਖੋ, ਪਰ ਸਿਰਫ਼ ਕੱਚੇ ਪ੍ਰੋਟੀਨ ਦੀ ਬਜਾਏ ਜ਼ਰੂਰੀ ਅਮੀਨੋ ਐਸਿਡ (ਜਿਵੇਂ ਕਿ ਮਿਥੀਓਨਿਨ ਅਤੇ ਲਾਈਸਿਨ) ਨੂੰ ਸੰਤੁਲਿਤ ਕਰਨ 'ਤੇ ਜ਼ੋਰ ਦਿਓ, ਕਿਉਂਕਿ ਵਾਧੂ ਪ੍ਰੋਟੀਨ ਨੂੰ ਹਜ਼ਮ ਕਰਨ ਨਾਲ ਸਰੀਰ ਵਿੱਚ ਹੋਰ ਜ਼ਿਆਦਾ ਗਰਮੀ ਪੈਦਾ ਹੁੰਦੀ ਹੈ।

**2. ਬੂਰੇ ਦੀ ਦੇਖਭਾਲ** : ਗਿੱਲਾ ਬੂਰਾ ਅਤੇ ਵੱਧ ਤਾਪਮਾਨ ਕੋਕਸੀਡਿਓਸਿਸ (ਖੂਨੀ ਦਸਤ) ਬਿਮਾਰੀ ਫੈਲਣ ਲਈ ਬਿਲਕੁਲ ਅਨੁਕੂਲ ਮਾਹੌਲ ਬਣਾਉਂਦੇ ਹਨ। ਡੀਪ ਲਿਟਰ (ਬੂਰੇ) ਨੂੰ ਹਫ਼ਤੇ ਵਿੱਚ 2-3 ਵਾਰ ਹਿਲਾਓ (ਗੋਡੀ ਕਰੋ) ਅਤੇ ਨਮੀ ਨੂੰ ਸੋਖਣ ਅਤੇ ਪ੍ਰੋਟੋਜ਼ੋਆ ਦੇ ਵਾਧੇ ਨੂੰ ਰੋਕਣ ਲਈ 1 ਕਿਲੋ ਬੁਝਿਆ ਹੋਇਆ ਚੂਨਾ ਪ੍ਰਤੀ 10 ਵਰਗ ਫੁੱਟ ਦੇ ਹਿਸਾਬ ਨਾਲ ਬੂਰੇ ਵਿੱਚ ਮਿਲਾਓ।

**3. ਆਲ੍ਹਣੇ ਦਾ ਪ੍ਰਬੰਧ** : ਆਂਡੇ ਦੇਣ ਦੀ ਸ਼ੁਰੂਆਤ ਤੋਂ 1-2 ਹਫ਼ਤੇ



ਪਹਿਲਾਂ ਸ਼ੈੱਡਾਂ ਦੇ ਅੰਦਰ ਆਲ੍ਹਣੇ ਰੱਖ ਦਿਓ।

**4. ਖੁਰਾਕ ਦਾ ਸਮਾਂ** : ਪੰਛੀਆਂ ਨੂੰ ਗਰਮੀ ਦੇ ਤਣਾਅ ਤੋਂ ਬਚਾਉਣ ਲਈ ਦੁਪਹਿਰ 11:00 ਵਜੇ ਤੋਂ ਲੈ ਕੇ ਦੁਪਹਿਰ 3:00 ਵਜੇ ਤੱਕ ਖੁਰਾਕ ਦੇਣਾ ਬੰਦ ਕਰ ਦਿਓ ਅਤੇ ਖੁਰਾਕ ਦਿਨ ਦੇ ਠੰਢੇ ਸਮੇਂ ਦੌਰਾਨ ਹੀ ਦਿਓ।

**5. ਪਾਣੀ ਅਤੇ ਇਲੈਕਟ੍ਰੋਲਾਈਟਸ** : ਪੰਛੀਆਂ ਲਈ ਹਰ ਵੇਲੇ ਲੋੜੀਂਦਾ ਠੰਢਾ ਪਾਣੀ ਉਪਲਬਧ ਰੱਖੋ। ਪੀਣ ਵਾਲੇ ਪਾਣੀ ਵਿੱਚ 5 ਗ੍ਰਾਮ ਇਲੈਕਟ੍ਰੋਲਾਈਟਸ ਪ੍ਰਤੀ ਲੀਟਰ ਪਾਣੀ (100 ਪੰਛੀਆਂ ਪਿੱਛੇ) ਜਾਂ ਖੁਰਾਕ ਵਿੱਚ 40-50 ਗ੍ਰਾਮ ਵਿਟਾਮਿਨ ਸੀ ਪ੍ਰਤੀ ਕੁਇੰਟਲ ਫੀਡ ਦੇ ਹਿਸਾਬ ਨਾਲ ਮਿਲਾਓ।

**6. ਤਾਪਮਾਨ ਅਤੇ ਹਵਾ ਦੀ ਆਵਾਜਾਈ** : ਹਾਲਾਂਕਿ ਪੰਛੀਆਂ ਲਈ ਆਦਰਸ਼ ਤਾਪਮਾਨ 26°C ਹੈ, ਪਰ ਅਗਸਤ ਦੌਰਾਨ ਖੁੱਲ੍ਹੇ ਸ਼ੈੱਡਾਂ ਵਿੱਚ ਇਸਨੂੰ ਬਰਕਰਾਰ ਰੱਖਣਾ ਮੁਸ਼ਕਲ ਹੁੰਦਾ ਹੈ। ਇਸ ਲਈ ਹਵਾ ਦੀ ਆਰ-ਪਾਰ ਆਵਾਜਾਈ ਨੂੰ ਵਧਾਉਣ ਅਤੇ ਐਗਜ਼ਾਸਟ ਪੱਖਿਆਂ ਦੀ ਵਰਤੋਂ 'ਤੇ ਜ਼ੋਰ ਦਿਓ। ਪੰਛੀਆਂ ਦੀ ਸਿਹਤ ਬਾਰੇ ਸੁਚੇਤ ਰਹੋ ਅਤੇ ਪੰਛੀਆਂ ਦੇ ਬਿਮਾਰ ਹੋਣ 'ਤੇ ਤੁਰੰਤ ਮਾਹਿਰ ਡਾਕਟਰ ਦੀ ਸਲਾਹ ਲਓ।

**7. ਆਂਡੇ ਦੇ ਛਿਲਕੇ ਦੀ ਮਜ਼ਬੂਤੀ** : ਆਂਡੇ ਦੇਣ ਵਾਲੀਆਂ ਮੁਰਗੀਆਂ ਵਿੱਚ ਗਰਮੀ ਕਾਰਨ ਜ਼ਿਆਦਾ ਹਫ਼ਣ ਨਾਲ ਕਾਰਬਨ ਡਾਈਆਕਸਾਈਡ ਦੀ ਕਮੀ ਹੋ ਜਾਂਦੀ ਹੈ, ਜਿਸ ਕਾਰਨ ਆਂਡਿਆਂ ਦਾ ਛਿਲਕਾ ਪਤਲਾ ਅਤੇ ਕਮਜ਼ੋਰ ਹੋ ਜਾਂਦਾ ਹੈ। ਆਂਡੇ ਦੇ ਛਿਲਕੇ ਦੀ ਗੁਣਵੱਤਾ ਨੂੰ ਬਰਕਰਾਰ ਰੱਖਣ ਅਤੇ ਟੁੱਟਣ ਤੋਂ ਬਚਾਉਣ ਲਈ ਦੁਪਹਿਰ ਦੇ ਪਾਣੀ ਵਿੱਚ ਵਾਧੂ ਕੈਲਸ਼ੀਅਮ, ਫਾਸਫੋਰਸ ਅਤੇ ਵਿਟਾਮਿਨ ਡੀ3 ਦਿਓ।

**8. ਕੈਲਸ਼ੀਅਮ ਦੀ ਖੁਰਾਕ** : ਆਮ ਹਾਲਤਾਂ ਵਿੱਚ 20-30 ਮਿਲੀਲਿਟਰ ਤਰਲ ਕੈਲਸ਼ੀਅਮ-ਪੀ-ਡੀ3 ਪ੍ਰਤੀ 100 ਪੰਛੀਆਂ ਨੂੰ ਦਿਓ, ਪਰ ਜੁਲਾਈ ਅਤੇ ਅਗਸਤ ਦੌਰਾਨ ਗਰਮੀ ਦੇ ਤਣਾਅ ਜਾਂ ਆਂਡੇ ਦਾ ਛਿਲਕਾ ਪਤਲਾ ਹੋਣ 'ਤੇ ਇਹ ਮਾਤਰਾ ਵਧਾ ਕੇ 40-50 ਮਿਲੀਲਿਟਰ ਕਰ ਦਿਓ। ਇਸਨੂੰ ਦੁਪਹਿਰ ਦੇ ਪੀਣ ਵਾਲੇ ਪਾਣੀ (ਦੁਪਹਿਰ 2-3 ਵਜੇ) ਵਿੱਚ ਹਫ਼ਤੇ ਵਿੱਚ 3-4 ਦਿਨ ਦਿਓ।

**9. ਫੀਡ ਦੀ ਸਟੋਰੇਜ** : ਉੱਲੀ (ਐਫਲਾਟੌਕਸਿਨ) ਤੋਂ ਬਚਣ ਲਈ ਤਿਆਰ ਫੀਡ ਨੂੰ 15 ਦਿਨਾਂ ਤੋਂ ਵੱਧ ਸਮੇਂ ਲਈ ਸਟੋਰ ਨਾ ਕਰੋ।

**10. ਮੱਖੀਆਂ ਦੀ ਰੋਕਥਾਮ** : ਸ਼ੈੱਡ ਵਿੱਚ, ਖਾਸ ਕਰਕੇ ਪਿੰਜਰਿਆਂ ਵਾਲੇ ਸ਼ੈੱਡ ਵਿੱਚ ਮੱਖੀਆਂ ਦੀ ਰੋਕਥਾਮ ਜ਼ਰੂਰ ਕਰੋ।

**11. ਚੁੰਝ ਕੱਟਣ ਅਤੇ ਟੀਕਾਕਰਨ** : ਪੰਛੀਆਂ ਦੀ ਚੁੰਝ ਕੱਟਣ ਅਤੇ ਟੀਕਾਕਰਨ ਦਾ ਕੰਮ 14-16 ਹਫ਼ਤਿਆਂ ਦੀ ਉਮਰ ਤੱਕ ਪੂਰਾ ਕਰ ਲੈਣਾ ਚਾਹੀਦਾ ਹੈ।

**12. ਸ਼ਾਂਤ ਮਾਹੌਲ** : ਇਸ ਮਹੀਨੇ ਤੋਂ ਆਂਡਿਆਂ ਦੀਆਂ ਕੀਮਤਾਂ ਵਧਣੀਆਂ ਸ਼ੁਰੂ ਹੋ ਜਾਂਦੀਆਂ ਹਨ, ਇਸ ਲਈ ਆਂਡੇ ਦੇਣ ਦੀ ਸ਼ੁਰੂਆਤ ਤੋਂ ਬਾਅਦ ਪੰਛੀਆਂ ਨੂੰ ਘੱਟ ਤੋਂ ਘੱਟ ਪਰੇਸ਼ਾਨ ਕਰਨਾ ਚਾਹੀਦਾ ਹੈ।

# ਬਰਸਾਤਾਂ ਵਿੱਚ ਅਮਰੂਦਾਂ ਦੀ ਫ਼ਸਲ ਲੈਣ ਲਈ ਉਪਾਅ



ਪੰਜਾਬ ਵਿੱਚ ਅਮਰੂਦਾਂ ਦੀ ਕਾਸ਼ਤ ਹੇਠ ਨਿੰਬੂ ਜਾਤੀ (ਸਿਟਰਸ) ਤੋਂ ਬਾਅਦ ਦੂਜੇ ਨੰਬਰ ’ਤੇ ਸਾਰੇ ਫ਼ਲਾਂ ਨਾਲੋਂ ਵੱਧ ਰਕਬਾ ਹੈ। ਕਿਸਾਨਾਂ ਦੀ ਬਹੁਮਤ ਨੇ ਆਪਣੇ ਟਿਊਬਵੈੱਲਾਂ ਤੇ ਖ਼ਪਤਕਾਰਾਂ ਨੇ ਆਪਣੀਆਂ ਬਗੀਚੀਆਂ ਵਿੱਚ ਅਮਰੂਦ ਦੇ ਬੂਟੇ ਆਮ ਉਗਾਏ ਹੋਏ ਹਨ। ਸਭ ਤੋਂ ਵੱਧ ਰਕਬਾ ਅਮਰੂਦਾਂ ਦੀ ਕਾਸ਼ਤ ਹੇਠ ਪਟਿਆਲਾ ਜ਼ਿਲ੍ਹੇ ਵਿੱਚ ਹੈ, ਜਿੱਥੇ ਅਮਰੂਦਾਂ ਦੀ ਅਸਟੇਟ ਸਥਾਪਤ ਹੈ। ਇੱਥੋਂ ਕਿਸਾਨਾਂ ਨੂੰ ਇਹ ਬੂਟੇ ਲਾਉਣ ਲਈ ਸਹੂਲਤਾਂ ਤੇ ਅਗਵਾਈ ਦਿੱਤੀ ਜਾਂਦੀ ਹੈ। ਦੂਜੇ ਨੰਬਰ ’ਤੇ ਸੰਗਰੂਰ, ਮੁਕਤਸਰ ਸਾਹਿਬ, ਬਠਿੰਡਾ ਤੇ ਰੋਪੜ ਜ਼ਿਲ੍ਹਿਆਂ ਵਿੱਚ ਵੀ ਅਮਰੂਦਾਂ ਦੀ ਕਾਫ਼ੀ ਕਾਸ਼ਤ ਹੈ। ਅਮਰੂਦ ਦੇ ਬੂਟੇ ਮੈਦਾਨੀ ਇਲਾਕਿਆਂ ਤੋਂ ਇਲਾਵਾ ਪਹਾੜੀ ਖੇਤਰ ਵਿੱਚ ਵੀ ਲਾਏ ਜਾ ਸਕਦੇ ਹਨ। ਵਿਗਿਆਨੀਆਂ ਅਨੁਸਾਰ ਅਮਰੂਦ ਦਾ ਫ਼ਲ ਸੇਬ ਨਾਲੋਂ ਵੀ ਵੱਧ ਗੁਣਕਾਰੀ ਹੈ। ਇਸ ਵਿੱਚ ਪੋਟਾਸ਼ੀਅਮ 417 ਮਿਲੀਗ੍ਰਾਮ, ਵਿਟਾਮਿਨ-ਸੀ 228 ਮਿਲੀਗ੍ਰਾਮ, ਫਾਈਬਰ 5.4 ਗ੍ਰਾਮ ਹੈ, ਜਦਕਿ ਇਹ ਨਿਊਟਰੀਸ਼ਨ ਸੇਬ ਵਿੱਚ ਤਰਤੀਬਵਾਰ 107 ਮਿਲੀਗ੍ਰਾਮ, 4.6 ਮਿਲੀਗ੍ਰਾਮ ਅਤੇ 2.4 ਗ੍ਰਾਮ ਹੁੰਦਾ ਹੈ। ਫਾਇਬਰ ਜ਼ਿਆਦਾ ਹੋਣ ਕਾਰਨ ਅਮਰੂਦ ਕਬਜ਼ ਦੂਰ ਕਰਦਾ ਹੈ ਤੇ ਪੇਟ ਦੀਆਂ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ। ਇਹ ਬਲੱਡ ਵਿੱਚ ਕੋਲੈਸਟ੍ਰੋਲ ਦੀ ਮਾਤਰਾ ਨੂੰ ਵੀ ਘੱਟ ਕਰਦਾ ਹੈ, ਜਿਸ ਕਾਰਨ ਹਾਈ ਬਲੱਡ ਪ੍ਰੈਸ਼ਰ ਦੀ ਰੋਕਥਾਮ ਲਈ ਅਸਰਅੰਦਾਜ਼ ਹੈ। ਇਹ ਭਾਰ ਵੀ ਘਟਾਉਂਦਾ ਹੈ। ਸ਼ੂਗਰ ਦੇ ਮਰੀਜ਼ਾਂ ਲਈ ਤਾਂ ਇਹ ਬਹੁਤ ਹੀ ਲਾਭਦਾਇਕ ਹੈ।



ਭਗਵਾਨ ਦਾਸ

ਅਮਰੂਦ ਤਕਰੀਬਨ ਸਾਰਾ ਸਾਲ ਹੀ ਉਪਲੱਬਧ ਹੁੰਦਾ ਹੈ। ਇਹ ਸਾਲ ਵਿੱਚ ਦੋ ਵਾਰ ਫ਼ਲ ਦਿੰਦਾ ਹੈ। ਇੱਕ ਗਰਮ ਰੁੱਤ ਦੀ ਬਰਸਾਤ ਵਿੱਚ ਅਤੇ ਦੂਜਾ ਸਰਦੀਆਂ ਵਿੱਚ। ਪਰ ਬਰਸਾਤ ਦੇ ਮੌਸਮ ਵਾਲੇ ਫ਼ਲ ਵਿੱਚ ਆਮ ਤੌਰ ’ਤੇ ਕੀੜਾ ਪੈ ਜਾਂਦਾ ਹੈ। ਬਾਗਬਾਨੀ ਦੇ ਸਾਬਕਾ ਡਿਪਟੀ ਡਾਇਰੈਕਟਰ (ਰਿਟਾ.) ਡਾ. ਸਵਰਨ ਸਿੰਘ ਮਾਨ ਕਹਿੰਦੇ ਹਨ ਕਿ ਫ਼ਲ ਵਿੱਚ ਕੀੜੇ ਦਾ ਪੈਣਾ ਬੂਟੇ ਵਿੱਚ ਕੋਈ ਨੁਕਸ ਹੋਣ ਕਾਰਨ ਨਹੀਂ। ਇਸ ਦਾ ਮੁੱਖ ਕਾਰਨ ਬਰਸਾਤ ਵਿੱਚ ਜਦੋਂ ਫ਼ਲ ਪੱਕਣ ਲੱਗਦਾ ਹੈ ਤਾਂ ਫ਼ਲ ਦੀ ਮੱਖੀ ਬੂਟੇ ’ਤੇ ਡੰਗ ਮਾਰ ਕੇ ਆਂਡੇ ਦੇ ਦਿੰਦੀ ਹੈ, ਜਿਸ ਨਾਲ ਫ਼ਲ ਵਿੱਚ ਸੁੰਡੀਆਂ ਪੈਦਾ ਹੋ ਜਾਂਦੀਆਂ ਹਨ। ਬਹੁਤੇ ਉਤਪਾਦਕ ਗਰਮ ਰੁੱਤ ਬਰਸਾਤ ਦਾ ਫ਼ਲ ਕਾਣਾ ਹੋ ਜਾਣ ਕਾਰਨ ਨਹੀਂ ਲੈਂਦੇ। ਜੇ ਉਤਪਾਦਕਾਂ ਨੇ ਬਰਸਾਤ ਦੇ ਮੌਸਮ ਦਾ ਫ਼ਲ ਨਹੀਂ ਲੈਣਾ ਤਾਂ ਸਰਦੀਆਂ ਦਾ ਵਧੀਆ ਫ਼ਲ ਲੈਣ ਲਈ ਅਪ੍ਰੈਲ ਦੇ ਅਖੀਰ ਵਿੱਚ ਟਾਹਣੀਆਂ ਦੇ ਸਿਰਿਆਂ ਤੋਂ ਇੱਕ ਫੁੱਟ ਤੱਕ ਕਟਾਈ ਕਰ ਦੇਣੀ ਚਾਹੀਦੀ ਹੈ। ਮਈ ਦੇ ਅਖ਼ੀਰ ਵਿੱਚ ਜਿਨ੍ਹਾਂ ਬੂਟਿਆਂ ’ਤੇ ਫੁੱਲ ਆਇਆ ਹੈ, ਉਨ੍ਹਾਂ ਤੋਂ ਫੁੱਲ ਤੋੜ ਦੇਣੇ ਚਾਹੀਦੇ ਹਨ। ਅਮਰੂਦ ਦੇ ਬਾਗਾਂ ਵਿੱਚ 10% ਯੂਰੀਏ ਦੀ ਸਪਰੇਅ ਕਰਨੀ ਚਾਹੀਦੀ ਹੈ। ਫ਼ਲ ਨੂੰ ਆਰਗੈਨਿਕ ਤੇ ਗੁਣਵੱਤਾ ਵਾਲਾ ਪਕਾਉਣਾ ਹੋਵੇ ਤਾਂ ਪੀ.ਏ.ਯੂ. ਵਲੋਂ ਪੀ. ਏ. ਯੂ. ਫਰੂਟ ਫਲਾਈ ਟਰੈਪ ਖਰੀਦ ਕੇ ਅੱਜ-ਕੱਲ੍ਹ ਬੂਟੇ ’ਤੇ ਲਟਕਾ ਦੇਣੇ ਚਾਹੀਦੇ ਹਨ। ਇਸ ਤਰ੍ਹਾਂ ਨਰ ਮੱਖੀਆਂ ਇਸ ਟਰੈਪ ਵੱਲ ਖਿੱਚੀਆਂ ਜਾਣਗੀਆਂ ਤੇ ਮਰ ਜਾਣਗੀਆਂ ਅਤੇ ਮਾਦਾ ਮੱਖੀਆਂ ਫ਼ਲਾਂ ਵਿੱਚ ਆਂਡੇ ਨਹੀਂ ਦੇ ਸਕਣਗੀਆਂ। ਇੱਕ ਏਕੜ ਬਾਗ ਵਿੱਚ 16 ਫਰੂਟ ਫਲਾਈ ਟਰੈਪ ਲਾਉਣ ਦੀ ਸਿਫ਼ਾਰਸ਼ ਹੈ। ਜੇ ਬਗੀਚੀਆਂ ਜਾਂ ਟਿਊਬਵੈੱਲਾਂ ’ਤੇ 2-4 ਬੂਟੇ ਲਾਏ ਹਨ ਤਾਂ ਇਕ ਟਰੈਪ ਹੀ ਲਾਉਣਾ ਕਾਫ਼ੀ ਹੈ। ਇਹ ਫਲਾਈ ਟਰੈਪ ਬੂਟਿਆਂ ’ਤੇ ਇੱਕ ਤੋਂ ਡੇਢ ਮੀਟਰ ਦੀ ਉਚਾਈ ’ਤੇ ਛਾਂ ਵਿੱਚ ਲਾਉਣੇ ਚਾਹੀਦੇ ਹਨ। ਬੂਟਿਆਂ ਕੋਲ ਪਏ ਖ਼ਰਾਬ ਫ਼ਲਾਂ ਨੂੰ ਦੂਰ ਇੱਕ ਫੁੱਟ ਡੂੰਘੇ ਟੋਏ ਵਿੱਚ ਦਬਾ ਦੇਣੇ ਚਾਹੀਦੇ ਹਨ ਜਾਂ ਕਾਲੇ ਲਿਫ਼ਾਫ਼ੇ ਵਿੱਚ ਬੰਦ ਕਰਕੇ ਦੂਰ ਸੁੱਟ ਦੇਣੇ ਚਾਹੀਦੇ ਹਨ। ਜੁਲਾਈ ਦੇ ਪਹਿਲੇ ਹਫ਼ਤੇ ਤੱਕ ਤੁਰੰਤ ਮੋਮੀ ਲਿਫ਼ਾਫ਼ੇ ਵੀ ਫ਼ਲਾਂ ’ਤੇ ਚੜ੍ਹਾਏ ਜਾ ਸਕਦੇ ਹਨ। ਇਸ ਨਾਲ ਫ਼ਲਾਂ ਦੀ ਗੁਣਵੱਤਾ ਵਧੀਆ ਹੋਵੇਗੀ ਤੇ ਬਾਜ਼ਾਰ ਵਿੱਚ ਭਾਅ ਵੱਧ ਮਿਲੇਗਾ। ਇਸ ਤਰ੍ਹਾਂ ਫ਼ਲ ਆਰਗੈਨਿਕ ਵੀ ਤਿਆਰ ਕੀਤੇ ਜਾ ਸਕਦੇ ਹਨ। ਜੇ ਫਰੂਟ ਫਲਾਈ ਟਰੈਪ ਨਹੀਂ ਵਰਤਣਾ ਤਾਂ ਫੈਨਵਲਰੇਟ 20 ਈ. ਸੀ., 2.5 ਮਿ.ਲਿ. ਦਵਾਈ ਪ੍ਰਤੀ ਲਿਟਰ ਪਾਣੀ ਵਿੱਚ ਪਾ ਕੇ ਹਫ਼ਤੇ-ਹਫ਼ਤੇ ਬਾਅਦ ਸਪਰੇਅ ਕੀਤੀ ਜਾ ਸਕਦੀ ਹੈ। ਫੈਨਵਲਰੇਟ ਦਵਾਈ ਦੀ ਸਪਰੇਅ ਤੋਂ ਘੱਟੋ-ਘੱਟ ਤਿੰਨ ਦਿਨ ਬਾਅਦ ਹੀ ਫ਼ਲ ਤੋੜਨਾ ਚਾਹੀਦਾ ਹੈ। ਆਮ ਤੌਰ ’ਤੇ ਅਮਰੂਦ ਦੇ ਬਾਗਾਂ ਵਿੱਚ ਨਦੀਨ ਬਹੁਤ ਹੋ ਜਾਂਦੇ ਹਨ। ਉਹ ਪੁੱਟ ਦੇਣੇ ਚਾਹੀਦੇ ਹਨ, ਨਹੀਂ ਤਾਂ ਮੱਖੀਆਂ ਉੱਥੇ ਠਹਿਰ ਜਾਣਗੀਆਂ ਤੇ ਨੁਕਸਾਨ ਪਹੁੰਚਾਉਣਗੀਆਂ। ਟਰੈਪ ਵਿੱਚ ਜਦੋਂ 75 ਫ਼ੀਸਦੀ ਮੱਖੀਆਂ ਆ ਜਾਣ ਤਾਂ ਇਨ੍ਹਾਂ ਮਰੀਆਂ ਮੱਖੀਆਂ ਨੂੰ ਟਰੈਪ ਵਿੱਚੋਂ ਕੱਢ ਦੇਣਾ ਚਾਹੀਦਾ ਹੈ। ਇੱਕ ਟਰੈਪ ਵਿੱਚ ਤਕਰੀਬਨ 6000 ਮੱਖੀਆਂ ਮਰ ਜਾਂਦੀਆਂ ਹਨ।



ਅਮਰੂਦਾਂ ਦਾ ਉੱਚ ਪੌਸ਼ਟਿਕ ਮੁੱਲ ਹੋਣ ਕਾਰਨ ਹਰ ਵਿਅਕਤੀ ਨੂੰ ਆਪਣੀ ਬਗੀਚੀ ਵਿੱਚ ਅਮਰੂਦਾਂ ਦੇ ਬੂਟੇ ਲਾਉਣੇ ਚਾਹੀਦੇ ਹਨ। ਪੀ. ਏ. ਯੂ. ਵਲੋਂ ਅਲਾਹਾਬਾਦੀ ਸਫੈਦਾ, ਲਖਨਊ-49, ਪੰਜਾਬ ਸਫੈਦਾ, ਪੰਜਾਬ ਕਿਰਨ, ਸਵੇਤਾ, ਪੰਜਾਬ ਪਿੰਕ, ਐਪਲ ਗੁਆਵਾ, ਹਿਸਾਰ ਸਫੈਦਾ ਕਿਸਮਾਂ ਲਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਹਿਸਾਰ ਸਫੈਦੇ ਦਾ ਫ਼ਲ ਕਾਫ਼ੀ ਪਸੰਦ ਕੀਤਾ ਜਾਂਦਾ ਹੈ। ਆਈ. ਏ. ਆਰ. ਆਈ. ਦੀਆਂ ਪੂਸਾ ਸ੍ਰਿਜਨ, ਪੂਸਾ ਆਰੁਸ਼ੀ, ਪੂਸਾ ਪ੍ਰਤੀਕਸ਼ਾ ਕਿਸਮਾਂ ਚੁਣੀਆਂ ਜਾ ਸਕਦੀਆਂ ਹਨ। ਅਮਰੂਦ ਦੇ ਬੂਟੇ ਅਗਸਤ ਤੋਂ ਅਕਤੂਬਰ ਅਤੇ ਫਰਵਰੀ ਤੋਂ ਮਾਰਚ ਮਹੀਨੇ ਤੱਕ ਲਾਏ ਜਾ ਸਕਦੇ ਹਨ। ਪੀ. ਏ. ਯੂ. ਤੇ ਬਾਗਬਾਨੀ ਵਿਭਾਗ ਤੋਂ ਇਲਾਵਾ ਕੌਮੀ ਬਾਗਬਾਨੀ ਬੋਰਡ ਤੋਂ ਪ੍ਰਮਾਣਿਤ ਨਰਸਰੀਆਂ ਤੋਂ ਹੀ ਬੂਟੇ ਖਰੀਦਣੇ ਚਾਹੀਦੇ ਹਨ। ਬਿਮਾਰੀਆਂ ਦੂਰ ਭਜਾਉਣ ਤੋਂ ਸਿਹਤ ਲਈ ਖ਼ਪਤਕਾਰਾਂ ਨੂੰ ਹਰਬਲ ਬੂਟੇ ਜਿਵੇਂ ਆਂਵਲਾ, ਤੁਲਸੀ, ਬ੍ਰਹਮੀ, ਪੁਦੀਨਾ, ਅਸ਼ਵਗੰਧਾ, ਬਿੱਲ ਆਦਿ ਵੀ ਲਾਉਣੇ ਚਾਹੀਦੇ ਹਨ। ਇਸ ਮਹੀਨੇ ਗਮਲਿਆਂ ਵਿੱਚ ਲੱਗੇ ਪਰਾਣੇ ਬੂਟਿਆਂ ਨੂੰ ਕੱਢ ਕੇ ਗਮਲਿਆਂ ਵਿੱਚ ਰੂੜੀ ਖਾਦ ਤੇ ਮਿੱਟੀ ਨਾਲ ਭਰ ਕੇ ਨਵੇਂ ਬੂਟੇ ਲਾਉਣੇ ਚਾਹੀਦੇ ਹਨ। ਹਲਕੀ ਬਾਰਿਸ਼ ਵਿੱਚ ਬੂਟਿਆਂ ਨੂੰ ਵਿਹੜੇ ਵਿੱਚ ਰੱਖ ਦੇਣਾ ਚਾਹੀਦਾ ਹੈ। ਇਸ ਨਾਲ ਬੂਟਿਆਂ ਦਾ ਵਿਕਾਸ ਹੋਵੇਗਾ। ਹਰਬਲ ਬੂਟੇ ਪੀ.ਏ.ਯੂ. ਤੇ ਆਈ. ਏ. ਆਰ. ਆਈ. ਦੀਆਂ ਨਰਸਰੀਆਂ ਤੋਂ ਮਿਲ ਜਾਣਗੇ। ਨਿੱਜੀ ਖੇਤਰ ਵਿੱਚ ਵੀ ਕਈ ਨਰਸਰੀਆਂ ਹਰਬਲ ਬੂਟੇ ਵੇਚਦੀਆਂ ਹਨ।

# ਨਰਮੇ ਦੇ ਪੱਤਿਆਂ ਉੱਤੇ ਛਿੜਕਾਅ ਨਾਲ ਖੁਰਾਕੀ ਤੱਤਾਂ ਅਤੇ ਔੜ ਦਾ ਪ੍ਰਬੰਧਨ

**ਕੁਲਵੀਰ ਸਿੰਘ ਅਤੇ ਹਰਜੀਤ ਸਿੰਘ ਬਰਾੜ, ਖੇਤਰੀ ਖੋਜ ਕੇਂਦਰ, ਫਰੀਦਕੋਟ (ਮੋ. 94177-83052)**

ਨਰਮੇ ਵਿੱਚ ਹਰੇ ਪੱਤਿਆਂ ਦਾ ਵਾਧਾ ਅਤੇ ਫੁੱਲ-ਡੋਡੀ ਤੇ ਟੀਡੇ ਪੈਣਾ ਨਾਲੋਂ ਨਾਲ ਚੱਲਦਾ ਹੈ। ਇਸ ਕਾਰਨ ਨਰਮੇ ਵਿੱਚ ਖੁਰਾਕੀ ਤੱਤਾਂ ਦਾ ਪ੍ਰਬੰਧ ਇੱਕ ਗੁੰਝਲਦਾਰ ਪ੍ਰਕਿਰਿਆ ਹੈ।

**1. ਮੱਧਮ ਉਪਜਾਊ ਜ਼ਮੀਨਾਂ ਲਈ ਪੋਸ਼ਣ** : ਮੱਧਮ ਉਪਜਾਊ ਜ਼ਮੀਨਾਂ ਲਈ, ਪੀ. ਏ. ਯੂ. ਨੇ 55 ਕਿਲੋਗ੍ਰਾਮ ਨਾਈਟ੍ਰੋਜਨ (120 ਕਿਲੋ ਯੂਰੀਆ) ਦੀ ਸਿਫ਼ਾਰਿਸ਼ ਸਾਰੇ ਬੀਟੀ ਹਾਈਬ੍ਰਿਡਾਂ ਲਈ, 37 ਕਿਲੋਗ੍ਰਾਮ ਨਾਈਟ੍ਰੋਜਨ (80 ਕਿਲੋ ਯੂਰੀਆ) ਬੀਟੀ ਕਿਸਮਾਂ ਲਈ (ਪੀ. ਏ. ਯੂ. ਬੀਟੀ 3 ਅਤੇ ਪੀ. ਏ. ਯੂ. ਬੀਟੀ 2) ਅਤੇ 30 ਕਿਲੋ ਨਾਈਟ੍ਰੋਜਨ (65 ਕਿਲੋ ਯੂਰੀਆ) ਗੈਰ-ਬੀਟੀ ਗੈਰ-ਹਾਈਬ੍ਰਿਡ ਕਿਸਮਾਂ ਲਈ ਪ੍ਰਤੀ ਏਕੜ ਦੇ ਆਧਾਰ ਤੇ ਕੀਤੀ ਹੈ। ਇਸ ਤੋਂ ਇਲਾਵਾ ਕਪਾਹ ਨੂੰ 12 ਕਿਲੋ ਫ਼ਾਸਫ਼ੋਰਸ (75 ਕਿਲੋ ਸੁਪਰ ਜਾਂ 27 ਕਿਲੋ ਡੀ ਏ ਪੀ) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਦੇ ਸਮੇਂ ਪਾਉ। ਜਿੱਥੇ ਫ਼ਾਸਫ਼ੋਰਸ ਲਈ 27 ਕਿਲੋ ਡੀ ਏ ਪੀ ਵਰਤਿਆ ਜਾਂਦਾ ਹੈ, ਉੱਥੇ ਯੂਰੀਆ ਦੀ ਮਾਤਰਾ 10 ਕਿਲੋ ਘੱਟ ਕਰ ਦੇਵੋ।



**2. ਫੁੱਲ-ਡੋਡੀ ਝੜਨ ਦੀ ਰੋਕਥਾਮ** : ਪੋਟਾਸ਼ੀਅਮ ਨਾਈਟ੍ਰੇਟ ਦੀ ਸਪਰੇਅ ਇਸ ਮੰਗ ਨੂੰ ਪੂਰਾ ਕਰਨ ਵਿੱਚ ਲਾਭਦਾਇਕ ਹੁੰਦੀ ਹੈ ਅਤੇ ਫੁੱਲ ਡੋਡੀ ਅਤੇ ਕੱਚੇ ਟੀਡਿਆਂ ਨੂੰ ਝੜਨ ਤੋਂ ਰੋਕਦੀ ਹੈ। ਇਸ ਤਰ੍ਹਾਂ ਪੈਦਾਵਾਰ ਦੇ ਨਾਲ-ਨਾਲ ਗੁਣਵੱਤਾ ਵਿੱਚ ਵਾਧਾ ਹੁੰਦਾ ਹੈ। ਨਰਮੇ ਵਿੱਚ ਫੁੱਲ ਪੈਣ ਦੀ ਸ਼ੁਰੂਆਤ ਤੋਂ ਲੈ ਕੇ 2% ਪੋਟਾਸ਼ੀਅਮ ਨਾਈਟ੍ਰੇਟ ਦੇ ਚਾਰ ਸਪਰੇਅ ਹਫ਼ਤੇ ਦੇ ਹਫ਼ਤੇ ਤੇ ਕਰੋ। 2% ਪੋਟਾਸ਼ੀਅਮ ਨਾਈਟ੍ਰੇਟ ਦਾ ਮਤਲਬ ਹੈ ਕਿ 100 ਲੀਟਰ ਪਾਣੀ ਵਿੱਚ 2 ਕਿਲੋ ਪੋਟੀਸ਼ੀਅਮ ਨਾਈਟ੍ਰੇਟ ਨੂੰ ਘੋਲ ਲਓ।

**3. ਪੱਤਿਆਂ ਦੀ ਲਾਲੀ ਦੀ ਰੋਕਥਾਮ** : ਹਲਕੀਆਂ ਜ਼ਮੀਨਾਂ ਵਿੱਚ ਬੀਟੀ ਨਰਮੇ ਦੇ ਟੀਡਿਆਂ ਦੇ ਵਾਧੇ ਵਾਲੇ ਸਮੇਂ ਦੌਰਾਨ ਪੱਤੇ ਲਾਲ ਹੋ ਜਾਂਦੇ ਹਨ। ਆਮ ਤੌਰ ਤੇ ਪੱਤਿਆਂ ਤੇ ਲਾਲੀ ਪੌਦਿਆਂ ਵਿੱਚ ਮੈਗਨੀਸ਼ੀਅਮ ਤੱਤ ਦੀ ਘਾਟ ਕਾਰਨ ਆਉਂਦੀ ਹੈ, ਜਦੋਂ ਕਿ ਜ਼ਮੀਨ ਵਿੱਚ ਮੈਗਨੀਸ਼ੀਅਮ ਦੀ ਉਪਲਬਧਤਾ ਕਾਫ਼ੀ ਹੁੰਦੀ ਹੈ। ਨਰਮੇ ਵਿੱਚ ਪੱਤਿਆਂ ਦੀ ਲਾਲੀ ਦੀ ਰੋਕਥਾਮ ਲਈ, 1% ਮੈਗਨੀਸ਼ੀਅਮ ਸਲਫੇਟ (1 ਕਿਲੋ ਮੈਗਨੀਸ਼ੀਅਮ ਸਲਫੇਟ ਨੂੰ 100 ਲਿਟਰ ਪਾਣੀ ਵਿੱਚ ਘੋਲ ਲਓ) ਦੇ ਦੋ ਸਪਰੇਅ ਫੁੱਲ ਡੋਡੀ ਅਤੇ ਟੀਡੇ ਬੰਨਣ ਦੀ ਅਵੱਸਥਾ ਦੌਰਾਨ 15 ਦਿਨਾਂ ਦੇ ਵਕਫ਼ੇ ਤੇ ਕਰੋ।

**4. ਨਰਮੇ ਨੂੰ ਔੜ ਤੋਂ ਬਚਾਉਣਾ** : ਪਾਣੀ ਦੀ ਔੜ ਕਾਰਨ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਲਈ 12.5 ਗ੍ਰਾਮ ਸੈਲੀਸਿਲਿਕ ਐਸਿਡ ਨੂੰ 375 ਮਿਲੀਲੀਟਰ ਈਥਾਈਲ ਅਲਕੋਹਲ ਵਿੱਚ ਘੋਲ ਲਓ ਅਤੇ ਫਿਰ ਇਸ ਨੂੰ 125 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**5. ਪੈਰਾਵਿਲਟ ਦੀ ਰੋਕਥਾਮ** : ਪੈਰਾਵਿਲਟ ਨਾਲ ਪ੍ਰਭਾਵਿਤ ਨਰਮੇ ਵਿੱਚ ਟਾਵੇਂ-ਟਾਵੇਂ ਬੂਟੇ ਇੱਕਦਮ ਕੁਮਲਾ ਜਾਂਦੇ ਹਨ। ਨਤੀਜੇ ਵਜੋਂ ਖੇਤ ਵਿੱਚ ਪਾਣੀ ਖੜਣ ਨਾਲ ਨਰਮੇ ਦੀਆਂ ਜੜਾਂ ਨੂੰ ਲੋੜੀਂਦੀ ਹਵਾ ਨਹੀਂ ਮਿਲਦੀ, ਜਿਸ ਕਾਰਨ ਬੂਟਿਆਂ ਵਿੱਚ ਇਥਲੀਨ ਜ਼ਿਆਦਾ ਮਾਤਰਾ ਵਿੱਚ ਪੈਦਾ ਹੁੰਦੀ ਹੈ ਅਤੇ ਬੂਟੇ ਇੱਕ ਦਮ ਕੁਮਲਾ ਜਾਂਦੇ ਹਨ।

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।

# ਮੱਛੀ ਪਾਲਣ ਵਿੱਚ ਗੋਬਿੰਦ ਸਾਗਰ ਜਲਾਸੇ ਦੀ ਭੂਮਿਕਾ

ਸੁਪ੍ਰੀਤ ਕੌਰ, ਪੀਐਚ. ਡੀ. (Fisheries Resource Management)

## ਗੋਬਿੰਦ ਸਾਗਰ ਜਲਾਸੇ ਵਿੱਚ ਟਿਕਾਊ ਮੱਛੀ ਪਾਲਣ ਦੀਆਂ ਚੁਣੌਤੀਆਂ

ਅੰਦਰੂਨੀ ਮੱਛੀ ਪਾਲਣ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਦੇਣ ਦੇ ਬਾਵਜੂਦ, ਗੋਬਿੰਦ ਸਾਗਰ ਜਲਾਸਾ ਕਈ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਜੋ ਇਸ ਦੇ ਮੱਛੀ ਸੰਸਾਧਨਾਂ ਦੀ ਟਿਕਾਊਤਾ ਲਈ ਖ਼ਤਰਾ ਬਣ ਰਹੀਆਂ ਹਨ। ਸਭ ਤੋਂ ਵੱਡੀਆਂ ਸਮੱਸਿਆਵਾਂ ਵਿੱਚੋਂ ਇੱਕ ਜਲ-ਬਿਜਲੀ ਉਤਪਾਦਨ ਅਤੇ ਸਿੰਚਾਈ ਦੀਆਂ ਲੋੜਾਂ ਕਾਰਨ ਪਾਣੀ ਦੇ ਪੱਧਰ ਵਿੱਚ ਲਗਾਤਾਰ ਉਤਾਰ-ਚੜ੍ਹਾਅ ਹੈ। ਪਾਣੀ ਦੇ ਪੱਧਰ ਵਿੱਚ ਅਚਾਨਕ ਹੋਣ ਵਾਲੇ ਬਦਲਾਅ ਮੱਛੀਆਂ ਦੇ ਪ੍ਰਜਨਨ ਸਥਾਨਾਂ, ਬੱਚੀਆਂ ਮੱਛੀਆਂ ਦੇ ਪਾਲਣ-ਪੋਸ਼ਣ ਵਾਲੇ ਖੇਤਰਾਂ ਅਤੇ ਕੁਦਰਤੀ ਭੋਜਨ ਦੀ ਉਪਲਬਧਤਾ ਨੂੰ ਪ੍ਰਭਾਵਿਤ ਕਰਦੇ ਹਨ, ਜਿਸ ਕਾਰਨ ਮੱਛੀਆਂ ਦੀ ਕੁਦਰਤੀ ਭਰਤੀ (Recruitment) ਅਤੇ ਉਤਪਾਦਕਤਾ ਵਿੱਚ ਕਮੀ ਆਉਂਦੀ ਹੈ।

ਗੈਰ-ਕਾਨੂੰਨੀ ਅਤੇ ਗੈਰ-ਨਿਯਮਤ ਮੱਛੀ ਪਕੜ ਵੀ ਇੱਕ ਗੰਭੀਰ ਸਮੱਸਿਆ ਹੈ। ਛੋਟੇ ਛੇਦਾਂ ਵਾਲੇ ਜਾਲਾਂ (Small Mesh Nets) ਦੀ ਵਰਤੋਂ, ਪ੍ਰਜਨਨ ਮੌਸਮ ਦੌਰਾਨ ਮੱਛੀ ਪਕੜ ਅਤੇ ਹੋਰ ਵਿਨਾਸ਼ਕਾਰੀ ਤਰੀਕਿਆਂ ਨਾਲ ਮੱਛੀ ਪਕੜਨ ਕਾਰਨ ਛੋਟੀਆਂ ਅਤੇ ਪ੍ਰਜਨਨ ਯੋਗ ਮੱਛੀਆਂ ਫੜੀਆਂ ਜਾਂਦੀਆਂ ਹਨ, ਜਿਸ ਨਾਲ ਮੱਛੀ ਸਟਾਕ ਵਿੱਚ ਲਗਾਤਾਰ ਗਿਰਾਵਟ ਆਉਂਦੀ ਹੈ। ਇਸ ਤੋਂ ਇਲਾਵਾ, ਗਾਦ (Sedimentation) ਦੇ ਜਮ੍ਹਾ ਹੋਣ, ਕੰਢਿਆਂ ਦੇ ਨੁਕਸਾਨ ਅਤੇ ਪ੍ਰਜਨਨ ਅਤੇ ਭੋਜਨ ਪ੍ਰਾਪਤੀ ਵਾਲੇ ਸਥਾਨਾਂ ਦੇ ਖ਼ਤਮ ਹੋਣ ਕਾਰਨ ਜਲਵਾਸੀ ਆਵਾਸਾਂ ਦਾ ਵਿਨਾਸ਼ ਹੁੰਦਾ ਹੈ, ਜੋ ਮੱਛੀਆਂ ਦੀ ਵਿਭਿੰਨਤਾ ਅਤੇ ਉਨ੍ਹਾਂ ਦੇ ਜੀਵਨ 'ਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ।

ਕਾਮਨ ਕਾਰਪ ਅਤੇ ਸਿਲਵਰ ਕਾਰਪ ਵਰਗੀਆਂ ਵਿਦੇਸ਼ੀ ਮੱਛੀ ਪ੍ਰਜਾਤੀਆਂ ਦੀ ਵਧਦੀ ਗਿਣਤੀ ਨੇ ਵੀ ਜਲਾਸੇ ਦੇ ਵਾਤਾਵਰਣਕ ਸੰਤੁਲਨ ਨੂੰ ਪ੍ਰਭਾਵਿਤ ਕੀਤਾ ਹੈ। ਇਹ ਪ੍ਰਜਾਤੀਆਂ ਭੋਜਨ ਅਤੇ ਆਵਾਸ ਲਈ ਦੇਸੀ ਮੱਛੀਆਂ ਨਾਲ ਮੁਕਾਬਲਾ ਕਰਦੀਆਂ ਹਨ, ਜਿਸ ਕਾਰਨ ਦੇਸੀ ਮੱਛੀ ਪ੍ਰਜਾਤੀਆਂ, ਖ਼ਾਸ ਕਰਕੇ ਲੁਪਤ ਹੋਣ ਦੇ ਖਤਰੇ ਹੇਠ ਆਉਣ ਵਾਲੀ ਗੋਲਡਨ ਮਹਾਸੀਰ (Tor putitora), ਦੀ ਗਿਣਤੀ ਵਿੱਚ ਕਮੀ ਆ ਰਹੀ ਹੈ। ਇਸ ਮਹੱਤਵਪੂਰਨ ਪ੍ਰਜਾਤੀ ਦੇ ਸੰਰੱਖਣ ਲਈ ਵਿਸ਼ੇਸ਼ ਉਪਰਾਲਿਆਂ ਦੀ ਲੋੜ ਹੈ।

ਘਰੇਲੂ ਗੰਦੇ ਪਾਣੀ, ਖੇਤੀਬਾੜੀ ਵਿੱਚ ਵਰਤੇ ਜਾਣ ਵਾਲੇ ਖਾਦਾਂ ਦੀ ਕੀਟਨਾਸ਼ਕਾਂ ਦੇ ਵਹਾਅ (Agricultural Runoff) ਅਤੇ ਹੋਰ ਮਨੁੱਖੀ ਗਤੀਵਿਧੀਆਂ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਵੀ ਗੁਣਵੱਤਾ ਅਤੇ ਜਲਵਾਸੀ ਜੈਵਿਕ ਵਿਭਿੰਨਤਾ ਨੂੰ ਪ੍ਰਭਾਵਿਤ ਕਰਦਾ ਹੈ। ਇਸ ਤੋਂ ਇਲਾਵਾ, ਜਲਵਾਯੂ ਪਰਿਵਰਤਨ ਇੱਕ ਵਧਦੀ ਹੋਈ ਚੁਣੌਤੀ ਵਜੋਂ ਸਾਹਮਣੇ ਆਇਆ ਹੈ, ਜੋ ਪਾਣੀ ਦੇ ਤਾਪਮਾਨ, ਵਰਖਾ ਦੇ ਰੁਝਾਨ ਅਤੇ ਜਲਾਸੇ ਦੀ ਜਲ-ਵਿਵਸਥਾ ਵਿੱਚ ਤਬਦੀਲੀਆਂ ਲਿਆ ਕੇ ਮੱਛੀਆਂ ਦੇ ਵਾਧੇ, ਪ੍ਰਜਨਨ ਅਤੇ ਵੰਡ ਨੂੰ ਪ੍ਰਭਾਵਿਤ ਕਰਦਾ ਹੈ।




ਟਿਕਾਊ ਮੱਛੀ ਪਾਲਣ ਨੂੰ ਯਕੀਨੀ ਬਣਾਉਣ ਲਈ ਵਿਗਿਆਨਕ ਸਟਾਕ ਮੁਲਾਂਕਣ (Stock Assessment), ਮੱਛੀ ਬੀਜ ਦਾ ਨਿਯਮਿਤ ਸੰਚਾਰ, ਮੱਛੀ ਪਾਲਣ ਸੰਬੰਧੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ, ਜਲਵਾਸੀ ਆਵਾਸਾਂ ਦੀ ਮੁੜ ਬਹਾਲੀ, ਦੇਸੀ ਮੱਛੀ ਪ੍ਰਜਾਤੀਆਂ ਦਾ ਸੰਰੱਖਣ ਅਤੇ ਪਾਣੀ ਦੀ ਗੁਣਵੱਤਾ ਦੀ ਨਿਰੰਤਰ ਨਿਗਰਾਨੀ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ, ਮੱਛੀ ਪਾਲਣ ਸਹਿਕਾਰੀ ਸਭਾਵਾਂ, ਸਥਾਨਕ ਭਾਈਚਾਰੇ ਅਤੇ ਸਰਕਾਰੀ ਵਿਭਾਗਾਂ ਦੀ ਸਰਗਰਮ ਭਾਗੀਦਾਰੀ ਨਾਲ ਪਰਿਆਵਰਣ ਤੰਤਰ-ਆਧਾਰਿਤ ਮੱਛੀ ਪਾਲਣ ਪ੍ਰਬੰਧਨ (Ecosystem-based Fisheries Management) ਨੂੰ ਅਪਣਾਉਣਾ ਗੋਬਿੰਦ ਸਾਗਰ ਜਲਾਸੇ ਦੀ ਜੈਵਿਕ ਵਿਭਿੰਨਤਾ ਦੀ ਰੱਖਿਆ ਕਰਨ ਅਤੇ ਲੰਮੇ ਸਮੇਂ ਤੱਕ ਇਸ ਦੀ ਮੱਛੀ ਉਤਪਾਦਨ ਸਮਰੱਥਾ ਨੂੰ ਕਾਇਮ ਰੱਖਣ ਲਈ ਬਹੁਤ ਮਹੱਤਵਪੂਰਨ ਹੈ।

## ਸਿੱਟਾ

ਗੋਬਿੰਦ ਸਾਗਰ ਜਲਾਸਾ ਭਾਰਤ ਦੇ ਸਭ ਤੋਂ ਕੀਮਤੀ ਅੰਦਰੂਨੀ ਮੱਛੀ ਪਾਲਣ ਸਰੋਤਾਂ ਵਿੱਚੋਂ ਇੱਕ ਹੈ, ਜੋ ਮੱਛੀ ਉਤਪਾਦਨ, ਜੈਵਿਕ ਵਿਭਿੰਨਤਾ ਦੇ ਸੰਰੱਖਣ ਅਤੇ ਪੇਂਡੂ ਲੋਕਾਂ ਦੀ ਆਜੀਵਿਕਾ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਇਸ ਦੀਆਂ ਅਨੁਕੂਲ ਵਾਤਾਵਰਣਕ ਸਥਿਤੀਆਂ, ਮੱਛੀਆਂ ਦੀ ਸੰਮ੍ਰਿੱਧ ਵਿਭਿੰਨਤਾ ਅਤੇ ਵਿਗਿਆਨਕ ਮੱਛੀ ਬੀਜ ਸੰਚਾਰ (Fish Seed Stocking) ਪ੍ਰੋਗਰਾਮ ਨੇ ਇਸ ਨੂੰ ਉੱਤਰੀ ਭਾਰਤ ਦੇ ਪ੍ਰਮੁੱਖ ਅੰਦਰੂਨੀ ਮੱਛੀ ਪਾਲਣ ਜਲਾਸਿਆਂ ਵਿੱਚ ਸ਼ਾਮਲ ਕਰ ਦਿੱਤਾ ਹੈ। ਇਹ ਜਲਾਸਾ ਨਾ ਸਿਰਫ ਖੁਰਾਕ ਅਤੇ ਪੋਸ਼ਣ ਸੁਰੱਖਿਆ ਨੂੰ ਮਜ਼ਬੂਤ ਬਣਾਉਂਦਾ ਹੈ, ਸਗੋਂ ਹਜ਼ਾਰਾਂ ਮਛਿਆਰਿਆਂ ਦੀ ਰੋਜ਼ੀ-ਰੋਟੀ ਦਾ ਆਧਾਰ ਬਣਨ ਦੇ ਨਾਲ-ਨਾਲ ਮੱਛੀ ਪਕੜ, ਮੰਡੀਕਰਨ, ਪ੍ਰੋਸੈਸਿੰਗ ਅਤੇ ਹੋਰ ਸਹਾਇਕ ਗਤੀਵਿਧੀਆਂ ਰਾਹੀਂ ਰੋਜ਼ਗਾਰ ਦੇ ਮੌਕੇ ਵੀ ਪੈਦਾ ਕਰਦਾ ਹੈ।

ਹਾਲਾਂਕਿ, ਪਾਣੀ ਦੇ ਪੱਧਰ ਵਿੱਚ ਉਤਾਰ-ਚੜ੍ਹਾਅ, ਗੈਰ-ਕਾਨੂੰਨੀ ਮੱਛੀ ਪਕੜ, ਜਲਵਾਸੀ ਆਵਾਸਾਂ ਦਾ ਨੁਕਸਾਨ, ਪ੍ਰਦੂਸ਼ਣ, ਵਿਦੇਸ਼ੀ (ਹਮਲਾਵਰ) ਮੱਛੀ ਪ੍ਰਜਾਤੀਆਂ ਦਾ ਵੱਧਣਾ ਪ੍ਰਭਾਵ ਅਤੇ ਜਲਵਾਯੂ ਪਰਿਵਰਤਨ ਵਰਗੀਆਂ



ਚੁਣੌਤੀਆਂ ਇਸ ਜਲਾਸੇ ਦੀ ਮੱਛੀ ਸੰਪਦਾ ਦੀ ਲੰਬੇ ਸਮੇਂ ਦੀ ਟਿਕਾਊਤਾ ਲਈ ਖ਼ਤਰਾ ਬਣ ਰਹੀਆਂ ਹਨ। ਇਹ ਚੁਣੌਤੀਆਂ ਇੱਕ ਅਜਿਹੀ ਏਕੀਕ੍ਰਿਤ ਅਤੇ ਵਿਗਿਆਨ-ਆਧਾਰਿਤ ਪ੍ਰਬੰਧਨ ਪ੍ਰਣਾਲੀ ਦੀ ਲੋੜ ਨੂੰ ਦਰਸਾਉਂਦੀਆਂ ਹਨ, ਜੋ ਮੱਛੀ ਉਤਪਾਦਨ ਅਤੇ ਜੈਵਿਕ ਵਿਭਿੰਨਤਾ ਦੇ ਸੰਰੱਖਣ ਵਿਚਕਾਰ ਸੰਤੁਲਨ ਕਾਇਮ ਰੱਖ ਸਕੇ।

ਭਵਿੱਖ ਵਿੱਚ ਜਲਾਸੇ ਦੇ ਪ੍ਰਬੰਧਨ ਲਈ ਨਿਯਮਿਤ ਮੱਛੀ ਸਟਾਕ ਮੁਲਾਂਕਣ (Stock Assessment), ਲੁਪਤ ਹੋਣ ਦੇ ਖਤਰੇ ਹੇਠ ਆਉਣ ਵਾਲੇ ਗੋਲਡਨ ਮਹਾਸੀਰ (Tor putitora) ਸਮੇਤ ਦੇਸੀ ਮੱਛੀ ਪ੍ਰਜਾਤੀਆਂ ਦਾ ਸੰਰੱਖਣ, ਜਲਵਾਸੀ ਆਵਾਸਾਂ ਦੀ ਮੁੜ ਬਹਾਲੀ, ਜ਼ਿੰਮੇਵਾਰਾਨਾ ਢੰਗ ਨਾਲ ਮੱਛੀ ਬੀਜ ਦਾ ਸੰਚਾਰ, ਮੱਛੀ ਪਾਲਣ ਸੰਬੰਧੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਅਤੇ ਪਾਣੀ ਦੀ ਗੁਣਵੱਤਾ ਅਤੇ ਮੱਛੀ ਆਬਾਦੀ ਦੀ ਨਿਰੰਤਰ ਨਿਗਰਾਨੀ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਕੇਜ ਕਲਚਰ (Cage Culture), ਭੂਗੋਲਿਕ ਜਾਣਕਾਰੀ ਪ੍ਰਣਾਲੀ (GIS) ਆਧਾਰਿਤ ਨਿਗਰਾਨੀ ਅਤੇ ਭਾਈਚਾਰਾ-ਆਧਾਰਿਤ ਮੱਛੀ ਪਾਲਣ ਪ੍ਰਬੰਧਨ (Community-based Fisheries Management) ਵਰਗੀਆਂ ਆਧੁਨਿਕ ਤਕਨੀਕਾਂ ਨੂੰ ਅਪਣਾਉਣ ਨਾਲ ਉਤਪਾਦਕਤਾ ਵਿੱਚ ਵਾਧਾ ਕਰਨ ਦੇ ਨਾਲ-ਨਾਲ ਵਾਤਾਵਰਣ ਦੀ ਟਿਕਾਊਤਾ ਨੂੰ ਵੀ ਯਕੀਨੀ ਬਣਾਇਆ ਜਾ ਸਕਦਾ ਹੈ।

ਅੰਤ ਵਿੱਚ, ਗੋਬਿੰਦ ਸਾਗਰ ਜਲਾਸਾ ਭਾਰਤ ਵਿੱਚ ਟਿਕਾਊ ਜਲਾਸਾ-ਆਧਾਰਿਤ ਮੱਛੀ ਪਾਲਣ ਦਾ ਇੱਕ ਆਦਰਸ਼ ਮਾਡਲ ਹੈ। ਇਸ ਦੇ ਜਲ ਸੰਸਾਧਨਾਂ ਦੀ ਸੰਭਾਲ ਅਤੇ ਸਮਾਜਿਕ-ਆਰਥਿਕ ਲਾਭਾਂ ਨੂੰ ਹੋਰ ਵਧਾਉਣ ਲਈ ਮੱਛੀ ਪਾਲਣ ਵਿਭਾਗਾਂ, ਖੋਜ ਸੰਸਥਾਵਾਂ, ਸਹਿਕਾਰੀ ਸਭਾਵਾਂ, ਨੀਤੀ-ਨਿਰਧਾਰਕਾਂ ਅਤੇ ਸਥਾਨਕ ਮਛਿਆਰਾ ਭਾਈਚਾਰੇ ਵਿਚਕਾਰ ਨਿਰੰਤਰ ਸਹਿਯੋਗ ਬਹੁਤ ਜ਼ਰੂਰੀ ਹੈ। ਪ੍ਰਭਾਵਸ਼ਾਲੀ ਵਿਗਿਆਨਕ ਪ੍ਰਬੰਧਨ ਅਤੇ ਸੰਰੱਖਣ ਉਪਰਾਲਿਆਂ ਦੇ ਜ਼ਰੀਏ ਗੋਬਿੰਦ ਸਾਗਰ ਜਲਾਸਾ ਭਵਿੱਖ ਵਿੱਚ ਵੀ ਅੰਦਰੂਨੀ ਮੱਛੀ ਪਾਲਣ ਦੇ ਵਿਕਾਸ, ਜੈਵਿਕ ਵਿਭਿੰਨਤਾ ਦੇ ਸੰਰੱਖਣ ਅਤੇ ਨੀਲੀ ਅਰਥਵਿਵਸਥਾ (Blue Economy) ਦੇ ਟਿਕਾਊ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਰਹੇਗਾ।



# ਪੌਸ਼ਟਿਕ ਤੱਤਾਂ ਨਾਲ ਭਰਪੂਰ ਅਮਰੂਦ ਉਗਾਓ

## ਢੁੱਕਵੇਂ ਸਮੇਂ ਤੇ ਫ਼ਲ ਮੱਖੀ ਦਾ ਪ੍ਰਬੰਧਨ ਅਪਣਾਓ

ਅਰਵਿੰਦ ਪ੍ਰੀਤ ਕੌਰ
ਅਤੇ ਗਗਨਦੀਪ ਕੌਰ,
ਕ੍ਰਿਸ਼ੀ ਵਿਗਿਆਨ ਕੇਂਦਰ,
ਫਤਿਹਗੜ੍ਹ ਸਾਹਿਬ
(ਮੋ. 94637-28095)

ਪੰਜਾਬ ਦੀ ਖੇਤੀ ਵਿਭਿੰਨਤਾ ਵਿੱਚ, ਅਮਰੂਦ ਇੱਕ ਅਹਿਮ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਇਸ ਦੀ ਰਾਜ ਦੇ ਸਾਰੇ ਖੇਤਰਾਂ - ਮੈਦਾਨੀ, ਨੀਮ-ਪਹਾੜੀ, ਖੁਸ਼ਕ ਅਤੇ ਬਰਾਨੀ ਜਿਵੇਂ ਕਿ ਕੰਢੀ ਵਿੱਚ ਵੀ ਸਫ਼ਲਤਾਪੂਰਵਕ ਕਾਸ਼ਤ ਕੀਤੀ ਜਾ ਸਕਦੀ ਹੈ। ਬਹੁਤ ਜ਼ਿਆਦਾ ਪੌਸ਼ਟਿਕ ਹੋਣ ਕਰਕੇ ਅਤੇ ਫ਼ਲ ਦੀ ਕੀਮਤ ਹਰ ਖਪਤਕਾਰ ਦੀ ਪਹੁੰਚ ਵਿੱਚ ਰਹਿਣ ਕਰਕੇ ਇਸਨੂੰ ''ਗਰੀਬ ਆਦਮੀ ਦਾ ਸੇਬ'' ਵੀ ਕਿਹਾ ਜਾਂਦਾ ਹੈ। ਅਮਰੂਦ ਵਿਟਾਮਿਨ ਸੀ, ਨਿਆਸੀਨ, ਰਿਬੋਫਲੇਵਿਨ, ਆਇਰਨ, ਫਾਸਫੋਰਸ, ਕੈਲਸ਼ੀਅਮ ਅਤੇ ਖਣਿਜਾਂ ਦੇ ਸ਼ਾਨਦਾਰ ਸਰੋਤ ਦੇ ਕਾਰਨ ਇਹ ਸਿਹਤ ਪੱਖੋਂ ਗੁਣਕਾਰੀ ਫ਼ਲ ਹੈ। ਇਸਦੇ ਪੌਸ਼ਟਿਕ ਗੁਣਾਂ ਦੇ ਕਾਰਨ ਇਹ ਪੋਸ਼ਣ ਸੁਰੱਖਿਆ ਲਈ ਇੱਕ ਆਦਰਸ਼ ਫ਼ਲ ਮੰਨਿਆ ਗਿਆ ਹੈ।

ਵਿਗਿਆਨੀਆਂ ਅਨੁਸਾਰ ਅਮਰੂਦ ਦਾ ਫ਼ਲ ਸੇਬ ਤੋਂ ਵੱਧ ਗੁਣਕਾਰੀ ਪਾਇਆ ਗਿਆ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਯੂਨਾਇਟਿਡ ਸਟੇਟਸ ਦੇ ਖੇਤੀਬਾੜੀ ਵਿਭਾਗ ਦੇ ਡਾਟੇ ਇਕੱਠੇ ਕੀਤੇ ਅਤੇ ਦੇਖਿਆ ਗਿਆ ਕਿ ਹੇਠ ਲਿਖੇ ਸਾਰਣੀ-1 ਅਨੁਸਾਰ ਅਮਰੂਦ ਫ਼ਲ ਦੇ ਤੱਤ ਸੇਬ ਦੇ ਫ਼ਲ ਤੋਂ ਵੀ ਜ਼ਿਆਦਾ ਹਨ।

ਸਾਰਣੀ-1 : ਅਮਰੂਦ ਅਤੇ ਸੇਬ ਫ਼ਲ ਵਿੱਚ ਤੱਤ

| ਤੱਤ (ਮਾਤਰਾ ਪ੍ਰਤੀ 100 ਗ੍ਰਾਮ) | ਅਮਰੂਦ | ਸੇਬ |
|---|---|---|
| ਫਾਈਬਰ (ਗ੍ਰਾਮ) | 5.40 | 2.40 |
| ਪ੍ਰੋਟੀਨ (ਗ੍ਰਾਮ) | 2.60 | 0.30 |
| ਵਿਟਾਮਿਨ ਏ (ਆਈ ਯੂ) | 624.00 | 54.00 |
| ਵਿਟਾਮਿਨ ਸੀ (ਮਿਲੀਗ੍ਰਾਮ) | 228.00 | 4.60 |
| ਵਿਟਾਮਿਨ ਈ (ਮਿਲੀਗ੍ਰਾਮ) | 0.73 | 0.18 |
| ਮਿਠਾਸ (ਗ੍ਰਾਮ) | 8.90 | 10.00 |
| ਕੈਲਸ਼ੀਅਮ (ਮਿਲੀਗ੍ਰਾਮ) | 18.00 | 6.00 |
| ਫਾਸਫੋਰਸ (ਮਿਲੀਗ੍ਰਾਮ) | 40.00 | 11.00 |
| ਆਇਰਨ (ਮਿਲੀਗ੍ਰਾਮ) | 0.26 | 0.12 |
| ਪੋਟਾਸ਼ੀਅਮ (ਮਿਲੀਗ੍ਰਾਮ) | 417.00 | 107.00 |



ਅਮਰੂਦ ਦਾ ਫ਼ਲ ਗੁਣਾਂ ਦੀ ਗੁਥਲੀ ਹੈ ਅਤੇ ਲਗਭਗ ਸਾਰਾ ਸਾਲ ਹੀ ਉਪਲਬਧ ਰਹਿੰਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਪੰਜਾਬ ਵਿੱਚ ਇਲਾਹਾਬਾਦੀ ਸਫੈਦਾ, ਲਖਨਊ-49 (ਐਲ-49), ਪੰਜਾਬ ਸਫੈਦਾ, ਪੰਜਾਬ ਕਿਰਨ, ਸ਼ਵੇਤਾ, ਪੰਜਾਬ ਪਿੰਕ ਅਤੇ ਐਪਲ ਗੁਆਵਾ ਕਿਸਮਾਂ ਲਗਾਉਣ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਇਹ ਬੂਟੇ ਅਗਸਤ ਤੋਂ ਅਕਤੂਬਰ ਅਤੇ ਫਰਵਰੀ ਤੋਂ ਮਾਰਚ ਮਹੀਨੇ ਤੱਕ ਲਗਾਏ ਜਾ ਸਕਦੇ ਹਨ। ਵਧੀਆ ਅਤੇ ਨਰੋਏ ਬੂਟੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ, ਪੰਜਾਬ ਬਾਗਬਾਨੀ ਵਿਭਾਗ ਜਾਂ ਨੈਸ਼ਨਲ ਬਾਗਬਾਨੀ ਬੋਰਡ ਦੀਆਂ ਪ੍ਰਵਾਨਿਤ ਨਰਸਰੀਆਂ ਤੋਂ ਹੀ ਖਰੀਦਣੇ ਚਾਹੀਦੇ ਹਨ।

ਅਮਰੂਦ ਸਾਲ ਵਿੱਚ ਦੋ ਫ਼ਸਲਾਂ ਦਿੰਦਾ ਹੈ। ਸਰਦੀ ਰੁੱਤ ਦਾ ਫ਼ਲ ਗਰਮੀ ਰੁੱਤ ਦੇ ਫ਼ਲ ਨਾਲੋਂ ਗੁਣਾਂ ਵਿੱਚ ਚੰਗਾ ਸਮਝਿਆ ਜਾਂਦਾ ਹੈ ਕਿਉਂਕਿ ਬਰਸਾਤ ਦੇ ਮੌਸਮ ਵਿੱਚ ਫ਼ਲਾ ਉੱਤੇ ਫ਼ਲ ਦੀ ਮੱਖੀ ਦਾ ਹਮਲਾ ਹੋ ਜਾਂਦਾ ਹੈ। ਅਮਰੂਦ ਵਿੱਚ ਪਾਏ ਜਾਣ ਵਾਲੇ ਪੌਸ਼ਟਿਕ ਤੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਅਤਿ ਜ਼ਰੂਰੀ ਹੈ ਕਿ ਬਰਸਾਤ ਰੁੱਤ ਵਿੱਚ ਅਮਰੂਦ ਦੇ ਫ਼ਲ ਨੂੰ ਫ਼ਲ ਦੀ ਮੱਖੀ ਦੇ ਹਮਲੇ ਤੋਂ ਬਚਾਇਆ ਜਾ ਸਕੇ।

★ **ਪੀ ਏ ਯੂ ਫਰੂਟ ਫਲਾਈ ਟਰੈਪ** : ਫ਼ਲ ਦੀ ਮੱਖੀ ਬਰਸਾਤ ਦੇ ਮੌਸਮ ਦੌਰਾਨ ਅਮਰੂਦ ਨੂੰ ਬਹੁਤ ਜ਼ਿਆਦਾ ਖਾਂਦੀ ਹੈ ਅਤੇ ਪ੍ਰਜਨਣ ਵੀ ਕਰਦੀ ਹੈ। ਇਹ ਅਮਰੂਦ ਦੇ ਫ਼ਲਾਂ ਦੇ ਅੰਦਰ ਰੰਗ ਬਦਲਣ ਦੀ ਅਵਸੱਥਾ 'ਤੇ ਅੰਡੇ ਦਿੰਦੀ ਹੈ। ਆਂਡਿਆਂ ਵਿੱਚੋਂ ਸੁੰਡੀਆਂ ਨਿਕਲਣ ਤੋਂ ਬਾਅਦ ਇਹ ਫ਼ਲਾਂ ਵਿੱਚ ਛੇਕ ਕਰਦੀਆਂ ਹਨ ਅਤੇ ਨਰਮ ਗੁੱਦਾ ਖਾਦੀਆਂ ਹਨ। ਹਮਲੇ ਵਾਲੇ ਫ਼ਲ ਧੱਸੇ ਹੋਏ ਤੇ ਕਾਲੇ ਦਿਸਦੇ ਹਨ। ਜਦੋਂ ਨੁਕਸਾਨੇ ਫ਼ਲ ਨੂੰ ਕੱਟ ਕੇ ਦੇਖੀਏ ਤਾਂ ਕੀੜੇ ਦੀਆਂ ਸੁੰਡੀਆਂ ਨਜ਼ਰ ਆਉਂਦੀਆਂ ਹਨ। ਖਰਾਬ ਫ਼ਲ ਗਲ ਕੇ ਹੇਠਾਂ ਡਿੱਗ ਪੈਂਦੇ ਹਨ। ਸੁੰਡੀਆਂ ਦਰੱਖਤ ਹੇਠ ਜ਼ਮੀਨ ਵਿੱਚ ਪਲਦੀਆਂ ਰਹਿੰਦੀਆਂ ਹਨ। ਇਸ ਲਈ ਫ਼ਸਲ ਦੀ ਤੁੜਾਈ ਦੇ ਤੁਰੰਤ ਬਾਅਦ ਬਾਗ ਦੀ 4-6 ਸੈਂਟੀਮੀਟਰ ਤੱਕ ਕਲਟੀਵੇਟਰ ਨਾਲ ਹਲਕੀ ਵਹਾਈ ਕਰਨੀ ਚਾਹੀਦੀ ਹੈ ਤਾਂ ਜੋ ਮੱਖੀ ਦੀਆਂ ਸੁੰਡੀਆਂ ਬਾਹਰ ਆ ਕੇ ਮਰ ਜਾਣ। ਮੱਖੀ ਦੇ ਹਮਲੇ ਵਾਲੇ ਡਿੱਗੇ ਹੋਏ ਫ਼ਲਾਂ ਨੂੰ ਲਗਾਤਾਰ ਚੁੱਕ ਕੇ ਜ਼ਮੀਨ ਵਿੱਚ ਘੱਟ-ਘੱਟ 60 ਸੈਂਟੀਮੀਟਰ ਡੂੰਘੇ ਦੱਬ ਦੇਣਾ ਚਾਹੀਦਾ ਹੈ। ਫ਼ਲ ਦੀ ਮੱਖੀਆਂ ਦੀ ਰੋਕਥਾਮ ਲਈ ਜੁਲਾਈ ਦੇ ਪਹਿਲੇ ਹਫ਼ਤੇ ਪੀ ਏ ਯੂ ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਲਗਾਉ।



★ **ਬਰਸਾਤ ਰੁੱਤ ਦੇ ਅਮਰੂਦਾਂ ਉੱਪਰ ਲਿਫ਼ਾਫ਼ੇ ਚੜ੍ਹਾਉਣ (ਬੈਗਿੰਗ) ਦੀ ਤਕਨੀਕ** : ਬਰਸਾਤੀ ਮੌਸਮ ਦੇ ਵਧੀਆ ਫ਼ਲ ਪ੍ਰਾਪਤ ਕਰਨ ਲਈ, ਅਮਰੂਦਾਂ ਉੱਪਰ ਲਿਫ਼ਾਫ਼ੇ ਚੜ੍ਹਾਉਣ (ਬੈਗਿੰਗ) ਦੀ ਤਕਨੀਕ ਫ਼ਲਾਂ ਨੂੰ ਫ਼ਲ ਦੀ ਮੱਖੀ ਦੇ ਨੁਕਸਾਨ ਤੋਂ ਬਚਾਉਂਦੀ ਹੈ ਅਤੇ ਕੀਟਨਾਸ਼ਕਾਂ ਦੀ ਵਰਤੋਂ ਨੂੰ ਖਤਮ ਕਰਦੀ ਹੈ। ਬੈਗਿੰਗ ਫ਼ਲਾਂ ਦੀ ਰੰਗਤ ਨੂੰ ਸੁਧਾਰਨ ਦੇ ਨਾਲ ਦਾਗ-ਧੱਬਿਆਂ ਨੂੰ ਘਟਾ ਕੇ ਫ਼ਲਾਂ ਦੀ ਦਿੱਖ ਨੂੰ ਆਕਰਸ਼ਕ ਬਣਾਉਂਦੀ ਹੈ। ਸਹੀ ਬੈਗਿੰਗ ਫ਼ਲਾਂ ਦੀ ਗੁਣਵੱਤਾ ਵਿੱਚ ਸੁਧਾਰ ਦੇ ਨਾਲ ਫ਼ਲਾਂ ਨੂੰ ਫ਼ਲ ਦੀ ਮੱਖੀਆਂ ਤੋਂ 100 ਪ੍ਰਤੀਸ਼ਤ ਸੁਰੱਖਿਆ ਪ੍ਰਦਾਨ ਕਰ ਸਕਦੀ ਹੈ। ਇਸ ਲਈ, ਬਰਸਾਤ ਦੇ ਮੌਸਮ ਦੌਰਾਨ ਅਮਰੂਦਾਂ ਉੱਪਰ ਜੂਨ ਦੇ ਅਖੀਰ ਜਾਂ ਜੁਲਾਈ ਦੇ ਅੱਧ ਤੱਕ 9×6 ਇੰਚ ਆਕਾਰ ਦੇ ਚਿੱਟੇ ਰੰਗ ਦੇ ਨਾਨ-ਵੂਵਨ ਲਿਫ਼ਾਫ਼ੇ ਚੜਾਏ ਜਾ ਸਕਦੇ ਹਨ। ਅਮਰੂਦ ਦੇ ਫ਼ਲਾਂ ਨੂੰ ਲਫ਼ਾਫ਼ੇ ਚੜ੍ਹਾਉਣ ਸਮੇਂ ਸਟੈਪਲਰ ਪਿੰਨ ਜਾਂ ਕਾਗਜ਼ ਦੇ ਪਿੰਨ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਕੀੜੇ ਲਿਫ਼ਾਫ਼ੇ ਦੇ ਅੰਦਰ ਜਾ ਕੇ ਨੁਕਸਾਨ ਨਾ ਪਹੁੰਚਾ ਸਕਣ। ਨਾਨ-ਵੂਵਨ ਲਿਫ਼ਾਫ਼ਿਆਂ ਦੀ ਗੁਣਵੱਤਾ ਅਜਿਹੀ ਹੋਣੀ ਚਾਹੀਦੀ ਹੈ ਕਿ ਮੀਂਹ ਦਾ ਪਾਣੀ ਅੰਦਰ ਨਾ ਰੁਕੇ। ਇਸ ਤਕਨੀਕ ਨਾਲ ਫ਼ਲਾਂ ਦੇ ਅਕਾਰ ਅਤੇ ਗੁਣਵੱਤਾ ਵਿੱਚ ਵੀ ਵਾਧਾ ਹੁੰਦਾ ਹੈ। ਲਿਫ਼ਾਫ਼ੇ ਵਾਲੇ ਫ਼ਲਾਂ ਦੀ ਤੁੜਾਈ ਰੰਗ ਬਦਲਣ ਦੀ ਅਵੱਸਥਾ ਤੇ ਕਰ ਲੈਣੀ ਚਾਹੀਦੀ ਹੈ। ਇਸ ਤੋਂ ਇਲਾਵਾ ਸਹੀ ਸਮੇਂ ਤੇ ਲਿਫ਼ਾਫ਼ੇ ਚੜ੍ਹਾਉਣ ਨਾਲ ਧੁੱਪ ਦੇ ਸਾੜੇ, ਫ਼ਲਾਂ ਦੇ ਫਟਣ ਅਤੇ ਪੰਛੀਆਂ ਦੇ ਨੁਕਸਾਨ ਨੂੰ ਰੋਕਿਆ ਜਾ ਸਕਦਾ ਹੈ।

# ਪਾਪਲਰ ਵਿੱਚ ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ

ਅੰਕੁਰਦੀਪ ਪ੍ਰੀਤੀ ਅਤੇ ਉਰਵੀ ਸ਼ਰਮਾ,
ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ (ਮੋ. 98885-21917)

**ਪਾਪਲਰ ਪੰਜਾਬ ਵਿੱਚ ਖੇਤੀ ਜੰਗਲਾਤ ਲਈ ਇੱਕ ਢੁੱਕਵਾਂ ਅਤੇ ਵੱਡੇ ਪੱਧਰ ਤੇ ਅਪਣਾਇਆ ਗਿਆ ਰੁੱਖ ਹੈ, ਜਿਹੜਾ ਕਿ ਲਗਭਗ 5 ਸਾਲਾਂ ਵਿੱਚ ਕਟਾਈ ਲਈ ਤਿਆਰ ਹੋ ਜਾਂਦਾ ਹੈ। ਇਸ ਦੇ ਚੰਗੇ ਵਾਧੇ ਲਈ ਅਤੇ ਇਸ ਤੋਂ ਵੱਧ ਆਮਦਨ ਲੈਣ ਲਈ ਕੀੜੇ ਅਤੇ ਬਿਮਾਰੀਆਂ ਤੋਂ ਪਾਪਲਰ ਦਾ ਬਚਾਅ ਕਰਨਾ ਬਹੁਤ ਜ਼ਰੂਰੀ ਹੈ। ਪਾਪਲਰ ਵਿੱਚ ਹੇਠ ਦੱਸੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਆਮ ਤੌਰ ਤੇ ਹੋ ਜਾਂਦਾ ਹੈ, ਜਿਨ੍ਹਾਂ ਦੀ ਰੋਕਥਾਮ ਦੇ ਤਰੀਕੇ ਹੇਠਾਂ ਸਾਂਝੇ ਕੀਤੇ ਜਾਂਦੇ ਹਨ।**

**ਕੀੜੇ :**

★ **ਤਣੇ ਦਾ ਗੜੂੰਆ/ਬੋਰਰ** : ਇਸ ਕੀੜੇ ਦੀਆਂ ਸੁੰਡੀਆਂ ਟਾਹਣੀਆਂ ਅਤੇ ਤਣੇ ਦੇ ਅੰਦਰ ਸੁਰੰਗਾਂ ਬਣਾ ਕੇ, ਬੂਟੇ ਨੂੰ ਅੰਦਰ ਤੋਂ ਖੋਖਲਾ ਕਰ ਦਿੰਦੀਆਂ ਹਨ। ਜਿਸ ਕਰਕੇ ਬੂਟੇ ਕਮਜ਼ੋਰ ਹੋ ਜਾਂਦੇ ਹਨ ਅਤੇ ਇਮਾਰਤੀ ਲੱਕੜ ਅਤੇ ਪਲਾਈ ਵਜੋਂ ਵਰਤਣ ਦੇ ਕਾਬਲ ਨਹੀਂ ਰਹਿੰਦੇ। ਅੰਦਰ ਤੋਂ ਖੋਖਲਾ ਹੋਣ ਕਾਰਣ ਬੂਟੇ ਤੇਜ਼ ਹਵਾਵਾਂ ਨਾਲ ਟੁੱਟ ਵੀ ਜਾਂਦੇ ਹਨ। ਇਸਦਾ ਹਮਲਾ ਟਾਹਣੀਆਂ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਮੁੱਖ ਤਣੇ ਵਲ ਵੱਧਦਾ ਹੈ। ਸੁੰਡੀਆਂ ਹਰ 10-12 ਸੈਂਟੀਮੀਟਰ ਤੇ ਤਣੇ ਵਿੱਚ ਸੁਰਾਖ ਕਰਕੇ ਲੱਕੜ ਦਾ ਬੂਰਾ ਬਾਹਰ ਸੁੱਟਦੀਆਂ ਹਨ। ਇਸ ਕੀੜੇ ਦੀ ਰੋਕਥਾਮ ਲਈ ਅਗਸਤ-ਸਤੰਬਰ ਦੇ ਮਹੀਨੇ ਹਮਲੇ ਵਾਲੀਆਂ ਟਾਹਣੀਆਂ ਦੀ ਕਾਂਟ-ਛਾਂਟ ਕਰੋ। ਜਿਹੜੇ ਬੂਟਿਆਂ ਹੇਠ ਲੱਕੜ ਦਾ ਬੁਰਾ ਡਿੱਗਿਆ ਹੋਵੇ, ਉਨ੍ਹਾਂ ਵਿੱਚ ਤਣੇ ਤੇ ਹੋਏ ਸਭ ਤੋਂ ਹੇਠਲੇ ਸੁਰਾਖ ਵਿੱਚ ਮਿੱਟੀ ਦਾ ਤੇਲ ਪਾ ਕੇ ਇਸ ਨੂੰ ਗਾਰੇ ਨਾਲ ਬੰਦ ਕਰ ਦਿਓ।

★ **ਸੱਕ ਖਾਣ ਵਾਲੀ ਸੁੰਡੀ** : ਇਹ ਸੁੰਡੀ ਤਣੇ ਉੱਤੇ ਰੀਬਨ-ਨੁਮਾ ਜਾਲੇ ਬਣਾਉਂਦੀ ਹੈ ਅਤੇ ਇਨ੍ਹਾਂ ਜਾਲਿਆਂ ਹੇਠ ਰਹਿ ਕੇ ਰਾਤ ਨੂੰ ਤਣੇ ਦਾ ਸੱਕ ਖਾਂਦੀ ਹੈ। ਇਸ ਦੇ ਨਾਲ ਹੀ ਇਹ ਸੁੰਡੀ ਤਣੇ ਵਿੱਚ 'ਲ' ਅਕਾਰ ਦੀ ਸੁਰੰਗ ਬਣਾਉਂਦੀ ਹੈ, ਜਿਸ ਵਿੱਚ ਇਹ ਦਿਨ ਵੇਲੇ ਲੁਕ ਕੇ ਬੈਠ ਜਾਂਦੀ ਹੈ। ਇਸ ਸੁੰਡੀ ਦਾ ਹਮਲਾ ਘੱਟ ਸਾਂਭ-ਸੰਭਾਲ ਵਾਲੇ ਖੇਤਾਂ ਵਿੱਚ ਜ਼ਿਆਦਾ ਹੁੰਦਾ ਹੈ। ਇਸ ਦੀ ਰੋਕਥਾਮ ਲਈ ਜਨਵਰੀ ਅਤੇ ਸਤੰਬਰ ਦੇ ਮਹੀਨਿਆਂ ਵਿੱਚ ਦਰੱਖਤਾਂ ਤੋਂ ਸਾਰੇ ਜਾਲੇ ਉਤਾਰ ਕੇ, ਸੁੰਡੀ ਦੁਆਰਾ ਕੀਤੇ ਸੁਰਾਖਾਂ ਵਿੱਚ ਮਿੱਟੀ ਦਾ ਤੇਲ ਭਰ ਦੇਵੋ।

★ **ਪਾਪਲਰ ਵਿੱਚ ਪੱਤੇ ਖਾਣ ਵਾਲੀ ਸੁੰਡੀ** : ਇਹ ਸੁੰਡੀਆਂ ਪੱਤੇ ਦਾ ਹਰਾ ਪਦਾਰਥ ਖਾ ਕੇ ਪੱਤੇ ਨੂੰ ਛਾਨਣੀ ਬਣਾ ਦਿੰਦੀਆਂ ਹਨ। ਵੱਡੀਆਂ ਸੁੰਡੀਆਂ ਪੱਤੇ ਨੂੰ ਸਾਰਾ ਖਾ ਜਾਂਦੀਆਂ ਹਨ ਅਤੇ ਪੱਤੇ ਦੀਆਂ ਸਿਰਫ ਨਾੜਾਂ ਰਹਿ ਜਾਣ ਦਿਓ।

★ **ਪੱਤਾ ਲਪੇਟ ਸੁੰਡੀ** : ਇਹ ਸੁੰਡੀਆਂ ਦੇ ਪੱਤੇ ਜੋੜ ਕੇ ਅੰਦਰੋਂ ਪੱਤਿਆਂ ਦੇ ਹਰੇ ਪਦਾਰਥ ਨੂੰ ਖਾਂਦੀਆਂ ਹਨ।

★ **ਪੱਤੇ ਖਾਣ ਵਾਲੀਆਂ ਸੁੰਡੀਆਂ ਦੀ ਰੋਕਥਾਮ** : ਪਾਪਲਰ ਦੇ ਕਲੋਨ L-47/88 ਜਾਂ L-48/89 ਲਗਾਓ ਕਿਉਂਕਿ ਇਨ੍ਹਾਂ ਤੇ ਇਸ ਸੁੰਡੀ ਦਾ ਹਮਲਾ ਘੱਟ ਹੁੰਦਾ ਹੈ। ਜਿਹੜੇ ਪੱਤਿਆਂ ਉੱਪਰ ਪੀਲੇ/ਹਲਕੇ ਹਰੇ ਰੰਗ ਦੇ ਅੰਡਿਆਂ ਦਾ ਝੁੰਡ ਹੋਵੇ, ਉਨ੍ਹਾਂ ਨੂੰ ਤੋੜ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ। ਪਾਪਲਰ ਵਿੱਚ ਅੰਤਰਖੇਤੀ ਕਰਨਾ ਲਾਭਦਾਇਕ ਰਹਿੰਦਾ ਹੈ ਕਿਉਂਕਿ ਖੇਤ ਨੂੰ ਵਾਹੁਣ ਨਾਲ ਅਤੇ ਸਿੰਚਾਈ ਆਦਿ ਨਾਲ ਇਸ ਸੁੰਡੀ ਦੇ ਜ਼ਮੀਨ ਵਿੱਚ ਡਿੱਗੇ ਹੋਏ ਕੋਏ (ਪਿਉਪਾ) ਕੱਟੇ ਜਾਂਦੇ ਹਨ ਅਤੇ ਅਗਲੇ ਸਾਲ ਇਸਦਾ ਹਮਲਾ ਹੁੰਦਾ ਹੈ। ਵਣਖੇਤੀ (ਐਗਰੋਫੋਰਸਟਰੀ) ਪ੍ਰਣਾਲੀ ਵਿੱਚ, ਸਮੇਂ-ਸਮੇਂ ਤੇ ਖੇਤੀਬਾੜੀ ਦੇ ਕੰਮ ਕਰਨ ਅਤੇ ਸਹੀ ਦੇਖਭਾਲ ਕਰਨ ਨਾਲ ਪਾਪਲਰ ਦੇ ਰੁੱਖਾਂ ਦੀ ਸਿਹਤ ਚੰਗੀ ਰਹਿੰਦੀ ਹੈ, ਜਿਸ ਨਾਲ ਇਨ੍ਹਾਂ ਸੁੰਡੀਆਂ ਦਾ ਹਮਲਾ ਵੀ ਘੱਟ ਹੁੰਦਾ ਹੈ। ਨਿਰੋਲ ਪਾਪਲਰ ਵਾਲੇ ਖੇਤਾਂ ਵਿੱਚ ਇਨ੍ਹਾਂ ਸੁੰਡੀਆਂ ਦੀ ਰੋਕਥਾਮ ਲਈ ਦਸੰਬਰ ਮਹੀਨੇ ਵਿਚ ਖੇਤ ਨੂੰ 2-3 ਵਾਰ ਚੰਗੀ ਤਰ੍ਹਾਂ ਵਾਹੋ।

**ਬਿਮਾਰੀਆਂ :**

★ **ਪੱਤਿਆਂ ਦੇ ਧੱਬੇ** : ਇਸ ਬਿਮਾਰੀ ਵਿੱਚ ਪੱਤਿਆਂ ਉੱਪਰ ਵੱਖ ਵੱਖ ਅਕਾਰ ਦੇ ਭੂਰੇ ਅਤੇ ਗੂੜੇ ਭੂਰੇ ਰੰਗ ਦੇ ਧੱਬੇ ਬਣ ਜਾਂਦੇ ਹਨ ਅਤੇ ਪੱਤੇ ਪੂਰੀ ਤਰ੍ਹਾਂ ਪੱਕਣ ਤੋਂ ਪਹਿਲਾਂ ਹੀ ਝੱੜ ਜਾਂਦੇ ਹਨ। ਇਸਦੀ ਰੋਕਥਾਮ ਲਈ ਪਹਿਲੀ ਬਰਸਾਤ ਤੋਂ ਬਾਅਦ ਬੂਟਿਆਂ ਉੱਤੇ ਬੋਰਡੋ ਮਿਸ਼ਰਣ (0.8%) ਦੇ 15-20 ਦਿਨਾਂ ਦੇ ਵਕਫੇ ਤੇ 2-3 ਛਿੜਕਾਅ ਕਰੋ।

★ **ਸੱਕ ਦਾ ਉੱਤਰਨਾ ਅਤੇ ਕੈਂਕਰ** : ਇਸ ਬਿਮਾਰੀ ਵਿੱਚ ਬੂਟੇ ਤੇ ਹੋਏ ਜ਼ਖਮਾਂ ਤੋਂ ਪਾਣੀ ਰਿਸਣ ਕਰਕੇ ਕੈਂਕਰ ਪੈਦਾ ਹੋ ਜਾਂਦਾ ਹੈ। ਇਸਦੀ ਰੋਕਥਾਮ ਲਈ ਜ਼ਖਮਾਂ ਨੂੰ ਸਾਫ ਕਰਕੇ ਬੋਰਡੋ ਮਿਸ਼ਰਣ ਲਗਾਓ।

ਪਾਪਲਰ ਦੇ ਰੁੱਖਾਂ ਦੀ ਚੰਗੀ ਦੇਖਭਾਲ ਖਾਸ ਕਰਕੇ ਗਰਮੀਆਂ ਦੇ ਵਿੱਚ 7-10 ਦਿਨਾਂ ਦੇ ਅੰਤਰਾਲ ਤੇ ਪਾਣੀ ਲਗਾਉਣਾ, ਖੇਤਾਂ ਨੂੰ ਨਦੀਨ ਮੁਕਤ ਰੱਖਣਾ, ਸਮੇਂ ਸਿਰ ਖਾਦਾਂ ਪਾਉਣਾ, ਆਦਿ ਨਾਲ ਬੂਟੇ ਸਿਹਤਮੰਦ ਰਹਿੰਦੇ ਹਨ ਅਤੇ ਇਨ੍ਹਾਂ ਉੱਤੇ ਕੀੜੇ ਅਤੇ ਬਿਮਾਰੀਆਂ ਦੇ ਹਮਲੇ ਦੀ ਸੰਭਾਵਨਾ ਕਾਫੀ ਘੱਟ ਜਾਂਦੀ ਹੈ।

ਲੜੀ ਨੰ. 3

# ਪਦਮ ਸਨਮਾਨਾਂ ਨਾਲ ਸਨਮਾਨੇ 15 ਪੁਰਾਣੇ ਵਿਦਿਆਰਥੀ



ਡਾ. ਰਣਜੀਤ ਸਿੰਘ

ਪੰਜਾਬ ਨੇ ਸੰਸਾਰ ਵਿੱਚ ਹਰੇ ਇਨਕਲਾਬ ਦੀ ਸਿਰਜਣਾ ਕੀਤੀ। ਇਸ ਵਿੱਚ ਕਿਸਾਨਾਂ, ਵਿਗਿਆਨੀਆਂ ਅਤੇ ਸਰਕਾਰ ਦੀ ਮੁੱਖ ਭੂਮਿਕਾ ਰਹੀ । ਖੇਤੀ ਵਿਗਿਆਨੀਆਂ ਵਿੱਚੋਂ ਬਹੁਤਿਆਂ ਨੇ ਖੇਤੀਬਾੜੀ ਕਾਲਜ ਲੁਧਿਆਣਾ ਤੋਂ ਹੀ ਸਿੱਖਿਆ ਪ੍ਰਾਪਤ ਕੀਤੀ। ਦੇਸ਼ ਨਿਤ ਪੈ ਰਹੇ ਅਕਾਲ ਨੂੰ ਦੇਖਦਿਆਂ ਖੇਤੀ ਵਿਕਾਸ ਲਈ ਭਾਰਤ ਸਰਕਾਰ ਨੇ ਦੇਸ਼ ਵਿੱਚ 1908 ਨੂੰ ਚਾਰ ਖੇਤੀ ਕਾਲਜ ਖੋਲੇ । ਇਨ੍ਹਾਂ ਵਿੱਚੋਂ ਇੱਕ ਪੰਜਾਬ ਦੇ ਸ਼ਹਿਰ ਲਾਇਲਪੁਰ ਖੋਲ੍ਹਿਆ ਗਿਆ । ਕਾਲਜ ਦੀ ਹੋਂਦ ਨੇ ਉਸ ਇਲਾਕੇ ਨੂੰ ਹਰਿਆ ਭਰਿਆ ਬਣਾ ਦਿੱਤਾ । ਲਾਇਲਪੁਰ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਅਤੇ ਕਪਾਹ ਦੀ ਮੰਡੀ ਬਣਿਆ। ਪੰਜਾਬ ਵੰਡ ਪਿੱਛੋਂ ਇਹ ਕਾਲਜ ਲੁਧਿਆਣੇ ਖੋਲ੍ਹਿਆ ਗਿਆ। ਲੁਧਿਆਣਾ ਦੇਸ਼ ਦਾ ਖੇਤੀ ਵਿਕਾਸ ਵਿੱਚ ਮੋਹਰੀ ਸੂਬਾ ਬਣਿਆ ਅਤੇ ਖੰਨਾ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਬਣ ਗਈ। ਇਥੋਂ ਦੇ ਵਿਦਿਆਰਥੀਆਂ ਨੇ ਕੇਵਲ ਬਤੌਰ ਖੇਤੀ ਵਿਗਿਆਨੀ ਹੀ ਸੰਸਾਰ ਪੱਧਰ ਉਤੇ ਨਾਮਣਾ ਨਹੀਂ ਖੱਟਿਆ ਸਗੋਂ ਖੇਡਾਂ, ਫ਼ੌਜ ਤੇ ਹੋਰ ਉੱਚ ਅਹੁਦਿਆਂ ਉੱਤੇ ਰਹਿ ਕੇ ਵੀ ਦੇਸ਼ ਦਾ ਨਾਮ ਚਮਕਾਇਆ ।




## ਪੈਨਲਟੀ ਕਾਰਨਰ ਦੇ ਬਾਦਸ਼ਾਹ - ਪ੍ਰਿਥੀਪਾਲ ਸਿੰਘ

ਪੈਨਲਟੀ ਕਾਰਨਰ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਹਾਕੀ ਦੇ ਖਿਡਾਰੀ ਪ੍ਰਿਥੀਪਾਲ ਸਿੰਘ ਦਾ ਜਨਮ 28 ਜਨਵਰੀ 1932 ਨੂੰ ਹੋਇਆ। ਪੜ੍ਹਾਈ ਪੂਰੀ ਕਰਨ ਪਿੱਛੋਂ ਉਹ ਪੁਲਿਸ ਵਿੱਚ ਭਰਤੀ ਹੋ ਗਏ ਪਰ



ਜਦੋਂ ਪੰਜਾਬ ਐਗਰੀਕਲਚਰਲ ਬਣੀ ਤਾਂ ਉਹ ਇਥੇ ਵਿਦਿਆਰਥੀ ਭਲਾਈ ਦੇ ਮੁਖੀ ਬਣੇ। ਉਨ੍ਹਾਂ ਨੇ ਤਿੰਨ ਉਲੰਪਿਕ ਖੇਡੀਆਂ ਤੇ ਤਿੰਨਾਂ ਵਿੱਚ ਹੀ ਤਗਮੇ ਜਿੱਤੇ । ਰੋਮ ਵਿੱਚ 1960 ਵਿੱਚ ਟੀਮ ਨੇ ਚਾਂਦੀ, 1968 ਵਿੱਚ ਮੈਕਸੀਕੋ ਵਿਖੇ ਕਾਂਸੀ ਅਤੇ 1964 ਵਿੱਚ ਟੋਕੀਓ ਵਿਖੇ ਸੋਨ ਤਗਮਾ ਜਿੱਤੇ। ਚਰਨਜੀਤ ਵਾਂਗ ਉਨ੍ਹਾਂ ਨੂੰ ਭਾਰਤ ਸਰਕਾਰ ਪਹਿਲਾਂ ਅਰਜਨਾ ਅਵਾਰਡ ਤੇ ਮੁੜ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ। ਉਨ੍ਹਾਂ 20 ਮਈ 1983 ਵਿੱਚ ਇਸ ਸੰਸਾਰ ਨੂੰ ਅਲਵਿਦਾ ਆਖੀ ।

## ਬਾਗਬਾਨੀ ਖੋਜ ਦਾ ਮੋਢੀ - ਜੀ ਐਸ ਰੰਧਾਵਾ

ਭਾਰਤ ਵਿੱਚ ਬਾਗਬਾਨੀ ਸੰਬੰਧੀ ਖੋਜ ਅਤੇ ਇਸ ਦੇ ਵਿਕਾਸ ਦੇ ਮੋਢੀ ਜੀ ਐਸ ਰੰਧਾਵਾ ਮੋਢੀ ਸਨ। ਉਨ੍ਹਾਂ ਸਾਂਝੇ ਪੰਜਾਬ ਵੇਲੇ ਲਾਇਲਪੁਰ ਪੜ੍ਹਾਈ ਕੀਤੀ ਮੁੜ ਉਚੇਰੀ ਪੜ੍ਹਾਈ ਲਈ ਕੈਨੇਡਾ ਅਤੇ ਅਮਰੀਕਾ ਗਏ । ਰੰਧਾਵਾ ਹਾਕੀ ਦੇ ਵੀ ਪ੍ਰਸਿੱਧ



ਖਿਡਾਰੀ ਸਨ। ਉਹ ਭਾਰਤੀ ਹਾਕੀ ਟੀਮ ਦੇ ਮੈਂਬਰ ਹੀ ਨਹੀਂ ਸਗੋਂ ਕਪਤਾਨੀ ਵੀ ਕੀਤੀ । ਭਾਰਤੀ ਬਾਗਬਾਨੀ ਖੋਜ ਕੇਂਦਰ ਬੰਗਲੌਰ ਦੇ ਉਹ ਮੋਢੀ ਡਾਇਰੈਕਟਰ ਬਣੇ । ਮੁੜ ਉਨ੍ਹਾਂ ਨੇਪਾਲ ਸਮੇਂ ਕਈ ਦੇਸ਼ਾਂ ਵਿੱਚ ਬਤੌਰ ਬਾਗਬਾਨੀ ਸਲਾਹਕਾਰ ਕੰਮ ਕੀਤਾ । ਉਨ੍ਹਾਂ ਸੰਸਾਰ ਪ੍ਰਸਿੱਧ ਲਈ ਪੁਸਤਕਾਂ ਲਿਖੀਆਂ । ਮੁੜ ਉਨ੍ਹਾਂ ਨੇ ਫੁਲ ਬੂਟਿਆਂ ਅਤੇ ਲੈਂਡਸਕੇਪਿੰਗ ਵਿੱਚ ਵਿਸ਼ੇਸ਼ ਮੁਹਾਰਤ ਕੀਤੀ । ਦੇਸ਼ ਦੀਆਂ ਕਈ ਪ੍ਰਸਿੱਧ ਪਾਰਕਾਂ ਜਿਨ੍ਹਾਂ ਵਿੱਚ ਬੁਧ ਜੈਨਤੀ, ਮਹਾਵੀਰ ਜੈਨਤੀ ਪਾਰਕਾਂ ਸ਼ਾਮਿਲ ਹਨ ਦਾ ਨਿਰਮਾਣ ਕੀਤਾ। ਭਾਰਤ ਸਰਕਾਰ ਨੇ 1961 ਵਿੱਚ ਅਰਜਨਾ ਅਵਾਰਡ, 1967 ਪਦਮ ਸ੍ਰੀ ਅਤੇ 2012 ਵਿੱਚ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ।

## ਪੌਦ ਨਸਲਕਸ਼ੀ ਮਾਹਿਰ - ਡਾ. ਸੰਤ ਸਿੰਘ ਵਿਰਮਾਨੀ

ਡਾ. ਸੰਤ ਸਿੰਘ ਵਿਰਮਾਨੀ ਨੇ ਪੀਐਚਡੀ ਖੇਤੀ ਕਾਲਜ ਵਿੱਚ 1969 ਨੂੰ ਪੂਰੀ ਕਰਕੇ ਕੁਝ ਸਮਾਂ ਇਥੇ ਨੌਕਰੀ ਕੀਤੀ। ਮੁੜ ਵਜ਼ੀਫੇ ਉੱਤੇ ਅੰਤਰਰਾਸ਼ਟਰੀ ਝੋਨਾ ਖੋਜ ਕੇਂਦਰ (ਇਰੀ) ਫ਼ਿਲੀਪੀਨ ਚਲੇ ਗਏ ।



ਉੱਥੋਂ ਸਿਖਲਾਈ ਪੂਰੀ ਕਰਕੇ ਕੁਝ ਸਮਾਂ ਅਫ਼ਰੀਕਾ ਵਿੱਚ ਕੰਮ ਕੀਤਾ। ਮੁੜ ਉਨ੍ਹਾਂ ਦੀ ਚੋਣ ਇਰੀ ਵਿਖੇ ਬਤੌਰ ਪੌਦ ਨਸਲਕਸ਼ੀ ਮਾਹਿਰ ਦੇ ਹੋ ਗਈ। ਇਥੇ ਉਨ੍ਹਾਂ ਨੇ 1975 ਵਿੱਚ ਨੌਕਰੀ ਸ਼ੁਰੂ ਕੀਤੀ ਤੇ ਇਥੋਂ ਹੀ 2005 ਵਿੱਚ ਬਤੌਰ ਪ੍ਰਿੰਸੀਪਲ ਰਾਈਸ ਬਰੀਡਰ ਸੇਵਾਮੁਕਤ ਹੋਏ । ਉਨ੍ਹਾਂ ਦਾ ਜਨਮ 5 ਜੁਲਾਈ 1940 ਨੂੰ (ਪਾਕਿਸਤਾਨ) ਵਿਖੇ ਹੋਇਆ । ਡਾ. ਵਿਰਮਾਨੀ ਨੂੰ ਝੋਨੇ ਦੀਆਂ ਦੋਗਲੀਆਂ ਕਿਸਮਾਂ ਵਿਕਸਤ ਕਰਨ ਕਰਕੇ ਪ੍ਰਸਿੱਧੀ ਮਿਲੀ । ਅਮਰੀਕਾ, ਜਪਾਨ, ਵੀਅਤਨਾਮ ਆਦਿ ਕਈ ਦੇਸ਼ਾਂ ਨੇ ਉਨ੍ਹਾਂ ਦਾ ਸਨਮਾਨ ਕੀਤਾ। ਭਾਰਤ ਸਰਕਾਰ ਨੇ ਉਨ੍ਹਾਂ ਨੂੰ 2003 ਵਿੱਚ ਪ੍ਰਵਾਸੀ ਭਾਰਤੀ ਸਨਮਾਨ ਅਤੇ 2008 ਵਿੱਚ ਪਦਮ ਸ੍ਰੀ ਸਨਮਾਨ ਦੇ ਕੇ ਸਨਮਾਨਿਆ ।

## ਬਾਗਬਾਨੀ ਨੂੰ ਉਤਸਾਹਿਤ ਕਰਨ ਵਾਲੇ ਡਾ. ਕੇ ਕ੍ਰਿਪਾਲ ਸਿੰਘ

ਡਾ. ਕੇ ਕ੍ਰਿਪਾਲ ਸਿੰਘ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਪਹਿਲੇ ਪਸਾਰ ਸਿੱਖਿਆ ਡਾਇਰੈਕਟਰ ਬਣੇ । ਇਸ ਤੋਂ ਪਹਿਲਾਂ ਉਹ ਪੰਜਾਬ ਸਰਕਾਰ ਦੇ ਫ਼ਲ ਮਾਹਿਰ ਸਨ । ਸਾਂਝੇ ਪੰਜਾਬ ਵਿੱਚ ਬਾਗਬਾਨੀ ਨੂੰ ਉਤਸਾਹਿਤ ਕਰਨ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਹੈ । ਯੂਨੀਵਰਸਿਟੀ ਦੇ ਪਸਾਰ ਸਿੱਖਿਆ ਢਾਂਚੇ ਨੂੰ ਮਜ਼ਬੂਤ ਅਤੇ ਕਾਰਜਕਾਰੀ ਬਣਾਉਣ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਹੈ । ਉਨ੍ਹਾਂ ਨੇ ਪਸਾਰ



ਸਿੱਖਿਆ ਡਾਇਰੈਕਟੋਰੇਟ ਦੇ ਤਿੰਨਾਂ ਹੀ ਅੰਗਾਂ ਸਿਖਲਾਈ, ਸੰਚਾਰ ਤੇ ਫਾਰਮ ਸਲਾਹਕਾਰ ਸੇਵਾ ਨੂੰ ਮਜ਼ਬੂਤੀ ਹੀ ਨਹੀਂ ਦਿੱਤੀ ਸਗੋਂ ਮਾਹਿਰਾਂ ਵਿੱਚ ਕਿਸਾਨਾਂ ਦੀ ਸੇਵਾ ਕਰਨ ਦੀ ਚੇਟਕ ਲਗਾਈ । ਉਨ੍ਹਾਂ ਕਿਸਾਨਾਂ ਦੀ ਸਿਖਲਾਈ ਲਈ ਕੈਰੋਂ ਕਿਸਾਨ ਘਰ ਦੀ ਉਸਾਰੀ ਕਰਵਾਈ ਅਤੇ ਖੇਤੀ ਗਿਆਨ ਦੇ ਸੰਚਾਰ ਲਈ ਸੰਚਾਰ ਕੇਂਦਰ ਬਣਾਇਆ । ਉਹ ਚਾਰ ਮਹੀਨੇ ਯੂਨੀਵਰਸਿਟੀ ਦੇ ਉਪਕੁਲਪਤੀ ਵੀ ਰਹੇ । ਉਨ੍ਹਾਂ ਪੰਜਾਬ ਐਗਰੀਕਲਚਰਲ ਕਾਲਜ ਲਾਇਲਪੁਰ ਤੋਂ ਬੀ ਐਸ ਸੀ (ਖੇਤੀ) ਕੀਤੀ । ਭਾਰਤ ਸਰਕਾਰ ਨੇ ਆਪ ਨੂੰ ਉਚੇਰੀ ਪੜ੍ਹਾਈ ਲਈ ਅਸਟ੍ਰੇਲੀਆ ਭੇਜਿਆ । ਫ਼ਲਾਂ ਤੇ ਸਬਜ਼ੀਆਂ ਦੀ ਕੋਲਡ ਸਟੋਰਾਂ ਰਾਹੀਂ ਸੰਭਾਲ ਵਿਸ਼ੇ ਤੇ ਖੋਜ ਕੀਤੀ ਅਤੇ ਪੰਜਾਬ ਯੂਨੀਵਰਸਿਟੀ ਤੋਂ ਪੀਐਚਡੀ ਦੀ ਡਿਗਰੀ ਪ੍ਰਾਪਤ ਕੀਤੀ। ਆਪ ਨੇ ਬਾਗਬਾਨੀ ਵਿੱਚ ਰੁਚੀ ਰੱਖਣ ਵਾਲੇ ਕਿਸਾਨਾਂ ਦੀ ਸੰਸਥਾ ਪੰਜਾਬ ਕੋਆਪਰੇਟਿਵ ਫ਼ਰੂਟ ਡਿਵੈਲਪਮੈਂਟ ਫ਼ੈਡਰੇਸ਼ਨ ਬਣਾਈ ਤੇ ਇਸ ਸੰਸਥਾ ਦੇ ਆਨਰੇਰੀ ਮੈਨੇਜਿੰਗ ਡਾਇਰੈਕਟਰ ਬਣੇ । ਯੂਨੀਵਰਸਿਟੀ ਵਿੱਚ ਕਿਸਾਨ ਮੇਲੇ, ਕਿਸਾਨ ਕਲਬ, ਸਿਖਲਾਈ ਪ੍ਰੋਗਰਾਮ, ਖੇਤੀ ਸਾਹਿਤ ਆਦਿ ਨੂੰ ਆਰੰਭ ਕੀਤਾ। ਪੰਜਾਬ ਵਿੱਚ ਨਵੇਂ ਗਿਆਨ ਨੂੰ ਕਿਸਾਨਾਂ ਤੱਕ ਪਹੁੰਚਾ ਕੇ ਹਰੇ ਇਨਕਲਾਬ ਦੀ ਸਿਰਜਣਾ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਹੈ । ਭਾਰਤ ਸਰਕਾਰ ਨੇ 1972 ਵਿੱਚ ਉਨ੍ਹਾਂ ਨੂੰ ਪਦਮ ਸ੍ਰੀ ਨਾਲ ਸਨਮਾਨਿਆ ।

# ਪੁਰਾਣਾ ਪੰਜਾਬ ਬਨਾਮ ਨਵਾਂ ਪੰਜਾਬ



ਹਰਜੀਤ ਸਿੰਘ ਝੋਰੜਾਂ
ਐਮ. ਏ. ਪੰਜਾਬੀ
ਮੋ. 98726-85890

ਇਸ ਗੱਲ ਵਿੱਚ ਕੋਈ ਅਤਿਕਥਨੀ ਨਹੀਂ ਹੈ ਸੱਚਮੁੱਚ ਹੀ ਪੁਰਾਣਾ ਪੰਜਾਬ ਬਹੁਤ ਵਧੀਆ, ਮਿਲਵਰਤਣ ਤੇ ਪਿਆਰ ਭਰਿਆ ਸੀ। ਪਰ ਉਂਝ ਤਾਂ ਬਹੁਤੇ ਲੋਕ ਅੱਜ-ਕੱਲ੍ਹ ਪੁਰਾਣੇ ਪੰਜਾਬ ਦੀ ਦੁਹਾਈ ਤੇ ਦੁਹਾਈ ਪਾਈ ਜਾ ਰਹੇ ਹਨ । ਹਾਏ ਪੁਰਾਣਾ ਪੰਜਾਬ ! ਹਾਏ ਪੁਰਾਣਾ ਪੰਜਾਬ, ਕਿੰਨਾ ਵਧੀਆ ਹੰਦਾ ਸੀ ।

ਕਦੇ ਸਮਾਂ ਸੀ ਪੱਖੀ ਹੁੰਦੀ ਸੀ, ਉਸਦੀ ਥਾਂ ਤੇ ਪੱਖਾ ਆ ਗਿਆ, ਪੱਖੇ ਦੀ ਥਾਂ ਤੇ ਕੂਲਰ ਆ ਗਿਆ, ਕੂਲਰ ਦੀ ਥਾਂ ਤੇ ਏ.ਸੀ. ਆ ਗਿਆ । ਦੱਸੋ ਫਿਰ ਪੁਰਾਣਾ ਪੰਜਾਬ ਕਿੰਝ ਰਹਿ ਗਿਆ ? ਨਾਲੇ ਅਸੀਂ ਲੋਕ ਪੁਰਾਣੀਆਂ ਚੀਜ਼ਾਂ ਅਪਣਾ ਕੇ ਰਾਜ਼ੀ ਨਹੀਂ। ਹਰ ਕੋਈ ਸਮੇਂ ਦੇ ਗੇੜ ਨਾਲ ਤਰੱਕੀ ਕਰਨੀ ਚਾਹੁੰਦਾ ਹੈ ਜੋ ਚੰਗੀ ਗੱਲ ਹੈ। ਪੁਰਾਣੇ ਪੰਜਾਬ ਨੂੰ ਬਹੁਤਾ ਯਾਦ ਕਰਨ ਨਾਲੋਂ ਇੱਕ ਇਹ ਹੋ ਸਕਦਾ ਹੈ ਪੁਰਾਣੀਆਂ ਚੀਜ਼ਾਂ ਨੂੰ ਅਪਣਾਈ ਚੱਲੋ, ਫਿਰ ਪੁਰਾਣਾ ਪੰਜਾਬ ਈ ਪੰਜਾਬ ਆ ! ਪੁਰਾਣੀਆਂ ਚੀਜ਼ਾਂ ਅਪਨਾਉਣ ਤੋਂ ਕਿਹੜਾ ਕਿਸੇ ਨੇ ਰੋਕਿਆ ਹੈ ?

ਏ. ਸੀ. ਦੀ ਆਥੋ ਠੰਢੀ ਹਵਾ ਵਿੱਚ ਰਹਿ ਕੇ ਵੀ ਸਾਡੇ ਅੰਦਰ ਠੰਢ ਨਹੀਂ ਵਰਤ ਰਹੀ । ਕਿਉਂਕਿ ਇੰਨੀ ਗਰਮੀ ਨਾਲ ਅਸੀਂ ਬੋਲਦੇ ਜਾਂ ਕਿਤੇ ਵਿਚਰਦੇ ਹਾਂ। ਕੋਠੀਆਂ ਦੇ ਕਮਰੇ ਏ. ਸੀ. ਨਾਲ ਠੰਢੇ ਕਰ-ਕਰ ਕੇ ਬਾਹਰ ਨਿਕਲਣ ਵਾਲੀ ਗਰਮ ਹਵਾ ਨੇ ਹੁਣ ਜ਼ਿਆਦਾ ਗਰਮੀ ਪੈਦਾ ਕਰ ਦਿੱਤੀ ਹੈ। ਸੋਚੋ ! ਆਮ ਪੱਖੇ ਵਾਲੇ ਘਰਾਂ (ਇਨਸਾਨਾਂ) ਦਾ ਜੀਣਾ ਕਿਵੇਂ ਦਾ ਹੁੰਦਾ ਹੋਵੇਗਾ ?

ਜਿਵੇਂ ਪਹਿਲਾਂ ਦੋ ਬਲਦ ਹੁੰਦੇ ਸੀ, ਹੁਣ ਇੱਕ ਬਲਦ ਤੇ ਉਹ ਵੀ ਖ਼ਤਮ ਹੋਣ ਕਿਨਾਰੇ ਪਿਆ ਜਾਪਦਾ ਹੈ। ਜਿਵੇਂ ਸੁਣਦੇ ਹਾਂ, ਪਹਿਲਾਂ ਗੱਡੇ ਹੁੰਦੇ ਸੀ। ਹੁਣ ਫਿਰ ਸੁਣਿਆ ਕਰਾਂਗੇ ਹਾਂ ਪੱਠੇ ਢੋਣ ਨੂੰ ਇੱਕ ਬਲਦ ਤੇ ਰੇੜ੍ਹਾ ਹੁੰਦਾ ਸੀ। ਸਕੂਟਰ-ਰੇੜ੍ਹੀਆਂ ਦੇ ਆਉਣ ਤੇ ਅਪਨਾਉਣ ਨਾਲ ਇੰਝ ਹੀ ਪੰਜਾਬੀ ਸੱਭਿਆਚਾਰ ਖ਼ਤਮ ਹੋ ਰਿਹਾ ਹੈ ।

ਕੱਚੇ ਮਕਾਨਾਂ ਨੂੰ ਢਾਅ-ਢਾਅ ਕੇ ਪੱਕੇ ਮਕਾਨ, ਕੋਠੀਆਂ ਪਾ ਲਈਆਂ ਫਿਰ ਪੁਰਾਣਾ ਪੰਜਾਬ ਤਾਂ ਆਪੇ ਹੀ ਨੀ ਰਹਿਣਾ । ਪੁਰਾਣਾ ਪੰਜਾਬ ਅਸੀਂ ਆਪ ਹੀ ਖ਼ਤਮ ਕੀਤਾ ਜਾਂ ਕਰ ਰਹੇ ਹਾਂ। ਬਾਹਰੋਂ ਕਿਸੇ ਨੇ ਆ ਕੇ ਤਾਂ ਢਾਹਿਆ ਨਹੀਂ। ਨਵੀਨੀਕਰਨ ਦੇ ਯੁੱਗ ਵਿੱਚ ਅਸੀਂ ਆਪਣੇ ਲਾਗੇ ਪੁਰਾਣੀਆਂ ਵਿਰਾਸਤੀ ਇਮਾਰਤਾਂ ਵੀ ਨਸ਼ਟ ਕਰ ਦਿੱਤੀਆਂ ਹਨ। ਅੱਜ ਆਪਣੇ ਪਿੰਡ ਵਿੱਚ ਕੋਈ ਪੁਰਾਣਾ ਭਗੌੜੀ (ਸ਼ਾਹੀ) ਇੱਟਾਂ ਦਾ ਬਣਿਆ ਯਾਦਗਾਰੀ ਦਰਵਾਜ਼ਾ ਵੀ ਨਹੀਂ ਦਿੱਸ ਰਿਹਾ। ਬਹੁਤੇ ਪਿੰਡਾਂ ਵਿੱਚ ਇਹ ਹਾਲੇ ਵੀ ਮੌਜੂਦ ਹਨ, ਉਨ੍ਹਾਂ ਪਿੰਡਾਂ ਨੇ ਵਿਰਾਸਤੀ ਦਰਵਾਜ਼ਿਆਂ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਉਨ੍ਹਾਂ ਪਿੰਡਾਂ ਨੂੰ ਪਿਆਰੀ ਦਾਦ ਦੇਣੀ ਬਣਦੀ ਹੈ ਅਤੇ ਉਹ ਪਿੰਡ ਆਪਣੇ ਆਪ ਵਿੱਚ ਬਹੁਤ ਅਮੀਰ ਦਿੱਸਦੇ ਹਨ ।

ਬਾਕੀ ਸਾਦਾ ਖਾਣਾ-ਪੀਣਾ ਤੇ ਸਾਦੀ ਜੀਵਨ ਸ਼ੈਲੀ (ਪਹਿਰਾਵੇ) ਤੋਂ ਅਸੀਂ ਖ਼ੁਦ ਆਪ ਹੀ ਭੱਜ ਰਹੇ ਹਾਂ। ਫਿਰ ਕਾਹਨੂੰ ਇਹ ਕਹਿੰਦੇ ਫਿਰੀਏ ਕਿ ਪੁਰਾਣਾ ਪੰਜਾਬ ਵਧੀਆ ਹੁੰਦਾ ਸੀ। ਫੇਰ ਤਾਂ ਉਹ ਗੱਲ ਹੋਈ, ਖਾਣੇ ਆ ਪਾਪ ਕਾਰਨ ਤੇ ਗੱਲਾਂ ਭੱਠੀ ਵਾਲੀ ਦੀਆਂ ਕਰਨੀਆਂ । ਜਦੋਂ ਸਾਡਾ ਖ਼ੁਦ ਹੀ ਪੁਰਾਣੀਆਂ ਚੀਜ਼ਾਂ ਤੋਂ ਮੋਹ ਭੰਗ ਹੋ ਚੁੱਕਾ ਹੈ । ਨਵੀਆਂ ਚੀਜ਼ਾਂ ਸੰਗ ਯਾਰੀ ਲਾ ਕੇ ਅਸੀਂ ਨਵੀਂ ਮੌਜ ਮਾਨਣੀ ਚਾਹੁੰਦੇ ਹਾਂ। ਸੋਚੋ ! ਪੁਰਾਣੇ ਪੰਜਾਬ ਨੂੰ ਅਸੀਂ ਆਪ ਹੀ ਤਿਆਗ ਰਹੇ ਜਾਂ ਤਿਆਗ ਦਿੱਤਾ ਹੈ ।

ਇੱਕ ਕਵਿਤਾ ''ਰੇੜ੍ਹਿਆਂ ਦੀ ਬਾਤ'' ਵਿੱਚੋਂ ਰੂਪ :-

**"ਖੇਤੋਂ ਜਦ ਕਿਸਾਨਾਂ ਨੇ, ਹੁੰਦਾ ਘਰ ਨੂੰ ਮੁੜਨਾ ।**
**ਰੇੜ੍ਹਿਆਂ ਦਾ ਕਾਫ਼ਲਾ, ਆਣ ਸਮਾਨ ਹੈ ਜੁੜਨਾ ।**
**ਗੱਲਾਂ-ਬਾਤਾਂ ਕਰ, ਕਦ ਘਰ ਰੇੜ੍ਹੀ ਪਹੁੰਚ ਆਣ ਗਈ ?**
**ਖੇਤੋਂ ਜੁੜੇ ਆਉਂਦੇ ਰੇੜ੍ਹਿਆਂ ਦੀ ਬਾਤ, ਵੀ ਜਾਂਦੀ ਪਈ ।**
**ਸਕੂਟਰ-ਰੇੜ੍ਹੀ ਚੱਲ ਬਈ, ਹੁਣ ਖੇਤ ਨੂੰ ਗਈ ।"**

## ਸਿਹਤ ਲਈ ਵਰਦਾਨ ਬਣੀ

# ਪੀਏਯੂ ਵੱਲੋਂ ਇਜਾਦ ਅਨੇਕਾਂ ਗੁਣਾਂ ਨਾਲ ਭਰਪੂਰ ਕਾਲੀ ਗਾਜਰ

## 'ਪੰਜਾਬ ਬਲੈਕ ਬਿਊਟੀ' ਦੇ ਨਾਮ ਨਾਲ ਜਾਣੀ ਜਾਂਦੀ ਹੈ ਕਿਸਮ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ ਏ ਯੂ) ਵੱਲੋਂ ਵਿਕਸਤ ਕੀਤੀ ਗਈ ਪੰਜਾਬ ਬਲੈਕ ਬਿਊਟੀ ਕਾਲੀ ਗਾਜਰ ਪੌਸ਼ਟਿਕ ਗੁਣਾਂ ਅਤੇ ਸਿਹਤ ਲਾਭਾਂ ਕਾਰਨ ਤੇਜ਼ੀ ਨਾਲ ਲੋਕਾਂ ਦੀ ਪਸੰਦ ਬਣ ਰਹੀ ਹੈ। ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਦੀ ਅਗਵਾਈ ਹੇਠ ਕੀਤੀ ਗਈ ਖੋਜ ਦਾ ਇਹ ਨਤੀਜਾ ਨਾ ਸਿਰਫ਼ ਸਿਹਤ ਪ੍ਰਤੀ ਜਾਗਰੂਕ ਲੋਕਾਂ ਲਈ ਲਾਭਕਾਰੀ ਹੈ, ਸਗੋਂ ਕਿਸਾਨਾਂ ਲਈ ਵੀ ਆਮਦਨ ਦਾ ਨਵਾਂ ਸਰੋਤ ਬਣ ਸਕਦਾ ਹੈ।

ਪੀਏਯੂ ਦੇ ਅਪਰ ਨਿਰਦੇਸ਼ਕ ਪਸਾਰ ਸਿੱਖਿਆ ਡਾ. ਤਰਸੇਮ ਸਿੰਘ ਢਿੱਲੋਂ ਨੇ ਦੱਸਿਆ ਕਿ ਕਾਲੀ ਗਾਜਰ ਦਾ ਗੂੜ੍ਹਾ ਰੰਗ ਇਸ ਵਿੱਚ ਮੌਜੂਦ ਐਂਥੋਸਾਇਨਿਨ ਤੱਤ ਕਾਰਨ ਹੁੰਦਾ ਹੈ। ਇਹ ਕੁਦਰਤੀ ਐਂਟੀਆਕਸੀਡੈਂਟ ਸਰੀਰ ਨੂੰ ਹਾਨੀਕਾਰਕ ਤੱਤਾਂ ਤੋਂ ਬਚਾਉਣ, ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ ਅਤੇ ਸਮੁੱਚੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਸਹਾਇਕ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਅੱਖਾਂ ਦੀ ਸਿਹਤ, ਪਾਚਨ ਪ੍ਰਣਾਲੀ ਅਤੇ ਇਸ ਦੀ ਤੰਦਰੁਸਤੀ ਲਈ ਵੀ ਲਾਭਕਾਰੀ ਹੈ।

ਡਾ. ਢਿੱਲੋਂ ਨੇ ਦੱਸਿਆ ਕਿ ਕਾਲੀ ਗਾਜਰ ਵਿੱਚ ਐਂਥੋਸਾਇਨਿਨ ਦੀ ਮਾਤਰਾ ਲਗਭਗ 182 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਹੈ, ਜਿਸ ਨੂੰ ਕੈਂਸਰ ਰੋਧਕ ਗੁਣਾਂ ਵਾਲਾ ਵੀ ਮੰਨਿਆ ਜਾਂਦਾ ਹੈ। ਇਸ ਵਿੱਚ 1.32 ਮਿਲੀਗ੍ਰਾਮ ਲੋਹਾ, 50 ਮਿਲੀਗ੍ਰਾਮ ਕੈਲਸ਼ੀਅਮ ਅਤੇ 73 ਮਿਲੀਗ੍ਰਾਮ ਫਿਨੋਲਿਕ ਤੱਤ ਵੀ ਮੌਜੂਦ ਹਨ, ਜੋ ਖੂਨ ਦੀ ਕਮੀ ਰੋਕਣ, ਹੱਡੀਆਂ ਮਜ਼ਬੂਤ ਕਰਨ ਲਈ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਣ ਵਿੱਚ ਮਦਦਗਾਰ ਹਨ।

ਉਨ੍ਹਾਂ ਕਿਹਾ ਕਿ ਇਸ ਗਾਜਰ ਦੀ ਵਰਤੋਂ



ਸਿਰਫ਼ ਸਲਾਦ ਜਾਂ ਸਬਜ਼ੀ ਤੱਕ ਸੀਮਤ ਨਹੀਂ। ਇਸ ਤੋਂ ਜੂਸ, ਕਾਂਜੀ, ਅਚਾਰ, ਮੁਰੱਬਾ, ਪਾਊਡਰ ਅਤੇ ਹੋਰ ਮੁੱਲ ਵਧਾਊ ਉਤਪਾਦ ਵੀ ਤਿਆਰ ਕੀਤੇ ਜਾ ਸਕਦੇ ਹਨ। ਇੱਕ ਕਿਲੋਗ੍ਰਾਮ ਕਾਲੀ ਗਾਜਰ ਵਿੱਚੋਂ ਕਰੀਬ 580 ਮਿਲੀਲਿਟਰ ਜੂਸ ਪ੍ਰਾਪਤ ਕੀਤਾ ਜਾ ਸਕਦਾ ਹੈ। ਚੁਕੰਦਰ ਦੇ ਮੁਕਾਬਲੇ ਇਸ ਦੀ ਕੀਮਤ ਘੱਟ ਅਤੇ ਪੌਸ਼ਟਿਕ ਲਾਭ ਵੱਧ ਦੱਸੇ ਜਾਂਦੇ ਹਨ।

ਡਾ. ਤਰਸੇਮ ਸਿੰਘ ਢਿੱਲੋਂ ਅਨੁਸਾਰ ਪੀਏਯੂ ਦਾ ਉਦੇਸ਼ ਸਿਰਫ਼ ਉੱਚ ਉਤਪਾਦਨ ਵਾਲੀਆਂ ਕਿਸਮਾਂ ਹੀ ਨਹੀਂ, ਸਹੀ ਖਪਤਕਾਰਾਂ ਨੂੰ ਪੌਸ਼ਟਿਕ ਖੁਰਾਕ ਅਤੇ ਕਿਸਾਨਾਂ ਨੂੰ ਵਧੀਆ ਆਮਦਨ ਦੇਣ ਵਾਲੀਆਂ ਫ਼ਸਲਾਂ ਉਪਲਬਧ ਕਰਵਾਉਣਾ ਵੀ ਹੈ। ਕਾਲੀ ਗਾਜਰ ਇਸੇ ਸੋਚ ਦਾ ਨਤੀਜਾ ਹੈ। ਬਦਲਦੇ ਸਮੇਂ ਵਿੱਚ ਫ਼ਸਲੀ ਵਿਭਿੰਨਤਾ ਕਿਸਾਨਾਂ ਲਈ ਲਾਹੇਵੰਦ ਸਾਬਤ ਹੋ ਸਕਦੀ ਹੈ ਅਤੇ ਇਹ ਕਿਸਮ ਉਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਡਾ. ਢਿੱਲੋਂ ਨੇ ਕਿਹਾ ਕਿ ਪੀਏਯੂ ਕਿਸਾਨਾਂ ਤੱਕ ਨਵੀਆਂ ਕਿਸਮਾਂ ਅਤੇ ਵਿਗਿਆਨਕ ਤਕਨੀਕਾਂ ਪਹੁੰਚਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਕਾਲੀ ਗਾਜਰ ਇਸ ਗੱਲ ਦੀ ਮਿਸਾਲ ਹੈ ਕਿ ਖੇਤੀਬਾੜੀ ਖੋਜ ਰਾਹੀਂ ਲੋਕਾਂ ਦੀ ਸਿਹਤ ਅਤੇ ਕਿਸਾਨਾਂ ਦੀ ਆਰਥਿਕਤਾ ਦੋਵਾਂ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।

### 90 ਤੋਂ 95 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ ਫ਼ਸਲ

ਡਾ. ਢਿੱਲੋਂ ਨੇ ਦੱਸਿਆ ਕਿ ਕਾਲੀ ਗਾਜਰ ਦੀ ਬਿਜਾਈ ਅਗਸਤ-ਸਤੰਬਰ ਵਿੱਚ ਕੀਤੀ ਜਾਂਦੀ ਹੈ ਅਤੇ ਇਹ 90 ਤੋਂ 95 ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ। ਇਸ ਦੀ ਲੰਬਾਈ ਕਰੀਬ 26 ਸੈਂਟੀਮੀਟਰ ਹੁੰਦੀ ਹੈ ਅਤੇ ਇੱਕ ਏਕੜ ਵਿੱਚ ਲਗਭਗ 200 ਕੁਇੰਟਲ ਝਾੜ ਮਿਲ ਸਕਦਾ ਹੈ। ਇਸ ਦੀ ਪੈਦਾਵਾਰ ਘਰੇਲੂ ਬਗੀਚਿਆਂ ਵਿੱਚ ਵੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ।

### ਕਿਸਾਨਾਂ ਲਈ ਵੀ ਵਧੇਰੇ ਲਾਭਕਾਰੀ ਹੈ ਇਹ ਫ਼ਸਲ

#### ਬਾਜ਼ਾਰ ਹਾਲੇ ਸੀਮਤ, ਪਰ ਸੰਭਾਵਨਾਵਾਂ ਵੱਡੀਆਂ

ਮਾਛੀਵਾੜਾ ਸਾਹਿਬ ਦੇ ਕਿਸਾਨ ਮੋਹਣਦੀਪ ਸਿੰਘ, ਜੋ ਕਾਲੀ ਗਾਜਰ ਦੀ ਖੇਤੀ ਕਰ ਰਹੇ ਹਨ, ਨੇ ਦੱਸਿਆ ਕਿ ਇਸ ਦੀ ਵਿਕਰੀ ਹਾਲੇ ਲਾਲ ਗਾਜਰ ਜਿੰਨੀ ਨਹੀਂ ਹੈ, ਪਰ ਸਿਹਤ ਪ੍ਰਤੀ ਜਾਗਰੂਕ ਲੋਕਾਂ ਅਤੇ ਕੁਦਰਤੀ ਰੰਗ ਤਿਆਰ ਕਰਨ ਵਾਲੀਆਂ ਕੁਝ ਕੰਪਨੀਆਂ ਵੱਲੋਂ ਇਸ ਦੀ ਮੰਗ ਵੱਧ ਰਹੀ ਹੈ। ਉਨ੍ਹਾਂ ਮੁਤਾਬਕ ਕਾਲੀ ਗਾਜਰ ਤੋਂ ਪੇਸਟ ਅਤੇ ਹੋਰ ਪ੍ਰੋਸੈਸਡ ਉਤਪਾਦ ਵੀ ਤਿਆਰ ਕੀਤੇ ਜਾ ਰਹੇ ਹਨ, ਜਿਸ ਨਾਲ ਭਵਿੱਖ ਵਿੱਚ ਇਸ ਦੀ ਮਾਰਕੀਟ ਹੋਰ ਵਧਣ ਦੀ ਉਮੀਦ ਹੈ।

# ਬਰਸਾਤੀ ਮੌਸਮ ਵਿੱਚ ਗਾਜਰ ਬੂਟੀ ਮੁਕਤ ਮੁਹਿੰਮਾਂ ਦਾ ਹਿੱਸਾ ਬਣੀਏ

ਮਨਪ੍ਰੀਤ ਸਿੰਘ ਅਤੇ ਤਰੁਨਦੀਪ ਕੌਰ, ਫ਼ਸਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 75897-66117)

ਗਾਜਰ ਬੂਟੀ, ਜਿਸ ਨੂੰ ਕਾਂਗਰਸ ਘਾਹ, ਗਾਜਰ ਘਾਹ ਅਤੇ ਪਾਰਥੀਨੀਅਮ ਬੂਟੀ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ, ਇੱਕ ਖਤਰਨਾਕ ਨਦੀਨ ਹੈ। ਇਹ ਨਦੀਨ ਮਾਰਚ ਤੋਂ ਲੈ ਕੇ ਨਵੰਬਰ ਤੱਕ ਉੱਗਦਾ ਰਹਿੰਦਾ ਹੈ, ਪਰ ਬਰਸਾਤੀ ਮੌਸਮ ਵਿੱਚ ਇਸ ਨਦੀਨ ਦੀ ਬਹੁਤਾਂਤ ਬਹੁਤ ਜ਼ਿਆਦਾ ਵੱਧ ਜਾਂਦੀ ਹੈ। ਬਰਸਾਤਾਂ ਘੱਟ ਪਾਣੀ ਵਾਲੇ ਸਥਾਨ ਤੇ ਵੀ ਬੜੀ ਅਸਾਨੀ ਨਾਲ ਹੋ ਜਾਂਦਾ ਹੈ। ਇਸ ਬੂਟੀ ਦੀ ਉਚਾਈ 1-1.5 ਮੀਟਰ ਹੁੰਦੀ ਹੈ ਅਤੇ ਇਕ ਬੂਟਾ ਲੱਗਭੱਗ 5000 ਤੋਂ 25000 ਬੀਜ ਪੈਦਾ ਕਰਨ ਦੀ ਸਮਰਥਾ ਰੱਖਦਾ ਹੈ। ਇਸ ਦੇ ਬੀਜ ਬਹੁਤ ਮਾਹੀਨ ਹੋਣ ਕਰਕੇ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਹਵਾ ਜਾਂ ਪਾਣੀ ਨਾਲ ਸੌਖਿਆਂ



ਦੇ ਅਧਾਰ ਤੇ ਇਹ ਬੂਟੀ ਇੱਕ ਸਾਲ ਵਿੱਚ ਤਕਰੀਬਨ ਚਾਰ ਤੋਂ ਪੰਜ ਵਾਰੀ ਉੱਗਦੀ ਹੈ। ਪਹਿਲਾਂ ਪਹਿਲ ਇਹ ਨਦੀਨ ਸਿਰਫ਼ ਅਣ-ਵਾਹੀਆਂ ਖਾਲੀ ਥਾਵਾਂ ਵਿੱਚ ਹੀ ਪਾਇਆ ਜਾਂਦਾ ਸੀ ਪਰੰਤੂ ਅੱਜ ਕੱਲ੍ਹ ਇਸ ਦਾ ਹਮਲਾ ਬਹੁਤ ਸਾਰੀਆਂ ਫ਼ਸਲਾਂ, ਬਾਗਾਂ ਅਤੇ ਸਬਜ਼ੀਆਂ ਆਦਿ ਵਿੱਚ ਵੀ ਦੇਖਿਆ ਜਾਂਦਾ ਹੈ। ਜੜ੍ਹਾਂ ਦਾ ਵਿਸਥਾਰ ਡੂੰਘਾ ਹੋਣ ਕਰਕੇ ਇਹ ਨਦੀਨ ਹੀ ਦੂਰ-ਦੂਰ ਤੱਕ ਚਲੇ ਜਾਂਦੇ ਹਨ। ਇਹ ਨਦੀਨ ਬਹੁਤ ਸਾਰੇ ਕੀੜੇ ਮਕੌੜਿਆਂ ਅਤੇ ਬਿਮਾਰੀਆਂ ਲਈ ਬਦਲਵੀਂ ਪਨਾਹ ਵਜੋਂ ਕੰਮ ਕਰਦਾ ਹੈ। ਇਸ ਨਦੀਨ ਵਿੱਚ ਕੁਝ ਰਸਾਇਣਕ ਤੱਤ ਪਾਏ ਜਾਂਦੇ ਹਨ ਜੋ ਕਿ ਆਲੇ-ਦੁਆਲੇ ਦੂਸਰੇ ਬੂਟਿਆਂ ਦੇ ਉੱਗਣ ਅਤੇ ਵਾਧੇ ਤੇ ਬੁਰਾ ਅਸਰ ਪਾਉਂਦੇ ਹਨ। ਇਹ ਨਦੀਨ ਮਨੁੱਖੀ ਸਿਹਤ ਲਈ ਬਹੁਤ ਹੀ ਹਾਨੀਕਾਰਕ ਹੈ। ਜੇਕਰ ਇਸ ਨਦੀਨ ਨਾਲ ਜ਼ਿਆਦਾ ਦੇਰ ਤੱਕ ਸੰਪਰਕ ਰਹੇ ਤਾਂ ਕਈ ਤਰ੍ਹਾਂ ਦੇ ਰੋਗਾਂ ਜਿਵੇਂ ਕਿ ਸਾਹ ਨਾਲੀ ਦੇ ਰੋਗ, ਦਮਾ, ਜ਼ੁਕਾਮ, ਛਿੱਕਾਂ ਆਉਣੀਆਂ, ਨੱਕ ਵਿੱਚ ਪਾਣੀ ਵਗਣਾ, ਚਮੜੀ ਦੇ ਰੋਗ, ਚਮੜੀ ਦੀ ਸੋਜਿਸ਼, ਖੁਜਲੀ, ਧੱਫੜ ਅਤੇ ਜ਼ਖਮ ਆਦਿ ਹੋ ਜਾਂਦੇ ਹਨ। ਜੇਕਰ ਇਸ ਬੂਟੀ ਵਿੱਚ ਪਸ਼ੂ ਚਰਦੇ ਰਹਿਣ ਤਾਂ ਪਸ਼ੂਆਂ ਦੀ ਚਮੜੀ ਉੱਪਰ ਖਾਰਸ਼ ਪੈ ਜਾਂਦੀ ਹੈ ਤੇ ਪਸ਼ੂ ਚਮੜੀ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ। ਜੇਕਰ ਦੁਧਾਰੂ ਪਸ਼ੂ ਇਸ ਨੂੰ ਖਾ ਲੈਣ ਤਾਂ ਦੁੱਧ ਦਾ ਸੁਆਦ ਬਦਲ ਜਾਂਦਾ ਹੈ, ਦੁੱਧ ਦੇ ਉਤਪਾਦਨ ਵਿੱਚ ਕਮੀ ਆ ਜਾਂਦੀ ਹੈ ਅਤੇ ਪਾਰਥੀਨਿਨ ਨਾਂ ਦੀ ਜ਼ਹਿਰ ਦੀ ਮਾਤਰਾ ਦੁੱਧ ਵਿੱਚ ਆ ਜਾਂਦੀ ਹੈ ਜੋ ਕਿ ਮਨੁੱਖੀ ਸਿਹਤ ਲਈ ਬਹੁਤ ਹਾਨੀਕਾਰਕ ਹੈ। ਜੇਕਰ ਪਸ਼ੂ ਇਸ ਨੂੰ ਜ਼ਿਆਦਾ ਮਾਤਰਾ ਵਿੱਚ ਖਾ ਲੈਂਦੇ ਹਨ ਤਾਂ ਕਈ ਵਾਰ ਜਾਨ ਲੇਵਾ ਵੀ ਸਾਬਿਤ ਹੋ ਸਕਦਾ ਹੈ।

ਪੰਜਾਬ ਵਿੱਚ ਇਸ ਨਦੀਨ ਦੀ ਇੰਨੀ ਜ਼ਿਆਦਾ ਭਰਮਾਰ ਹੋ ਚੁੱਕੀ ਹੈ ਕਿ ਵਿਅਕਤੀਗਤ ਪੱਧਰ ਤੇ ਇਸਦੀ ਰੋਕਥਾਮ ਬਹੁਤ ਮੁਸ਼ਕਿਲ ਹੈ। ਇਸ ਲਈ ਇਸ ਦਾ ਪ੍ਰਬੰਧਨ ਕਰਨ ਲਈ ਇਹ ਜ਼ਰੂਰੀ ਹੈ ਕਿ ਗਾਜਰ ਬੂਟੀ ਦੀ ਰੋਕਥਾਮ ਲਈ ਖਾਸ ਮੁਹਿੰਮਾਂ ਦਾ ਆਯੋਜਨ ਕੀਤਾ ਜਾਵੇ। ਇਸ ਖਤਰਨਾਕ ਨਦੀਨ ਦੇ ਖਾਤਮੇ ਲਈ ਜ਼ਰੂਰੀ ਹੈ ਸਾਰੇ ਲੋਕ ਵਧ ਚੜ੍ਹ ਕੇ ਇਹਨਾਂ ਮੁਹਿੰਮਾਂ ਵਿੱਚ ਹਿੱਸਾ ਲੈਣ। ਇਸੇ ਤਰ੍ਹਾਂ, ਪਿੰਡ ਪੱਧਰ ਤੇ ਪੰਚਾਇਤਾਂ ਵੱਲੋਂ ਵੀ ਸਵੈ-ਸਹਾਇਤਾ ਗਰੁੱਪਾਂ, ਗੈਰ ਸਰਕਾਰੀ ਅਦਾਰਿਆਂ



ਅਤੇ ਸਕੂਲਾਂ/ਕਾਲਜਾਂ ਨਾਲ ਮਿਲ ਕੇ ਇਸ ਨਦੀਨ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ। ਹਰੇਕ ਵਿਅਕਤੀ ਨੂੰ ਆਪਣੇ ਪੱਧਰ ਤੇ ਆਪਣੇ ਘਰ ਦੇ ਆਸਪਾਸ ਅਤੇ ਆਪਣੀ ਜ਼ਮੀਨ ਵਿੱਚੋਂ ਇਸ ਨਦੀਨ ਨੂੰ ਖਤਮ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਹਰ ਸਾਲ ਗਾਜਰ ਬੂਟੀ ਮੁਕਤ ਮੁਹਿੰਮਾਂ ਵਿੱਚ ਪਿੰਡ ਵਾਲਿਆਂ ਦੇ ਵਡਮੁੱਲੇ ਯੋਗਦਾਨ ਸਦਕਾ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਨਸੂਰਾਂ ਨੂੰ ਭਾਰਤ ਦਾ ਪਹਿਲਾ 'ਗਾਜਰ ਬੂਟੀ ਮੁਕਤ ਪਿੰਡ' ਐਲਾਨਿਆ ਗਿਆ।

ਗਾਜਰ ਬੂਟੀ ਦੀ ਸਮੱਸਿਆ ਦਾ ਹੱਲ ਇਸ ਦੀ ਰੋਕਥਾਮ ਇੱਕ ਸਾਲ ਕਰਕੇ ਨਹੀਂ ਪਰੰਤੂ ਲਗਾਤਾਰ (5-6 ਸਾਲ) ਇਸ ਨੂੰ ਖਤਮ ਕਰਕੇ ਹੈ। ਬਰਸਾਤੀ ਮੌਸਮ ਦੌਰਾਨ ਜ਼ਮੀਨ ਵਿੱਚ ਨਮੀਂ ਹੋਣ ਕਰਕੇ ਇਸ ਨਦੀਨ ਨੂੰ ਜੜ੍ਹ ਸਮੇਤ ਹੱਥੀ ਪੁੱਟਣਾ ਬਹੁਤ ਹੀ ਸੌਖਾ ਹੈ ਅਤੇ ਇਸ ਤੋਂ ਇਲਾਵਾ ਜੜ੍ਹ ਸਮੇਤ ਪੁੱਟਣ ਲਈ ਲੰਬੇ ਦਸਤੇ ਵਾਲੇ ਔਜ਼ਾਰ (ਕਹੀ ਜਾਂ ਕਸੌਲੇ) ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਨਦੀਨ ਨੂੰ ਜੜ੍ਹ ਸਮੇਤ ਪੁੱਟਣਾ ਚਾਹੀਦਾ ਹੈ ਕਿਉਂਕਿ ਜੇਕਰ ਇਸ ਦੇ ਬੂਟੇ ਨੂੰ ਜ਼ਮੀਨ ਦੇ ਉੱਪਰ ਤੋਂ ਕੱਟਿਆ ਜਾਵੇ ਤਾਂ ਇਹ ਦੁਬਾਰਾ ਚੱਲ ਪੈਂਦਾ ਹੈ। ਇਸ ਬੂਟੀ ਨੂੰ ਹੱਥਾਂ ਨਾਲ ਪੁੱਟਣ ਸਮੇਂ ਦਸਤਾਨੇ ਪਾਉਣੇ ਚਾਹੀਦੇ ਹਨ ਅਤੇ ਸਰੀਰ ਦਾ ਕੋਈ ਅੰਗ ਨੰਗਾ ਨਹੀਂ ਰੱਖਣਾ ਚਾਹੀਦਾ। ਇਸ ਦੇ ਨਾਲ-ਨਾਲ ਮੂੰਹ ਵੀ ਢੱਕ ਲੈਣਾ ਚਾਹੀਦਾ ਹੈ ਤਾਂ ਕਿ ਇਸ ਦੇ ਪਰਾਗ ਕਣ ਸਾਹ ਨਾਲ ਅੰਦਰ ਨਾ ਜਾਣ। ਸਾਰੇ ਪੁੱਟੇ ਹੋਏ ਬੂਟਿਆਂ ਨੂੰ ਇੱਕ ਥਾਂ ਤੇ ਇਕੱਠਾ ਕਰਕੇ ਦਬਾ ਦੇਣਾ ਚਾਹੀਦਾ ਹੈ ਕਿਉਂਕਿ ਇਸ ਬੂਟੀ ਦੇ ਸੁੱਕੇ ਬੂਟੇ ਵੀ ਬਿਮਾਰੀ ਦਾ ਕਾਰਨ ਬਣ ਸਕਦੇ ਹਨ। ਖੁੱਲ੍ਹੀਆਂ ਖਾਲੀ ਥਾਵਾਂ ਤੇ, ਜਿੱਥੇ ਟਰੈਕਟਰ ਚੱਲ ਸਕਦਾ ਹੋਵੇ, ਉੱਥੇ ਜ਼ਮੀਨ ਨੂੰ ਲਗਾਤਾਰ ਵਾਹੁੰਦੇ ਰਹਿਣਾ ਚਾਹੀਦਾ ਹੈ। ਕੁਦਰਤੀ ਤੌਰ ਤੇ ਮੈਕਸੀਕਨ ਬੀਟਲ/ਭੂੰਡੀ ਜੂਨ ਤੋਂ ਅਗਸਤ ਤੇ ਮਹੀਨਿਆਂ ਵਿਚ ਗਾਜਰ ਬੂਟੀ ਤੇ ਪਲਦੀ ਹੈ। ਇਹ ਭੂੰਡੀ ਮਿੱਤਰ ਕੀੜਿਆਂ ਵਿੱਚੋਂ ਇੱਕ ਹੈ ਜੋ ਗਾਜਰ ਬੂਟੀ ਦੇ ਨਵੇਂ ਪੱਤਿਆਂ ਨੂੰ ਖਾਂਦੀ ਹੈ ਜਿਸ ਨਾਲ ਬੂਟੇ ਦਾ ਵਾਧਾ ਰੁਕ ਜਾਂਦਾ ਹੈ ਤੇ ਬੀਜ ਨਹੀਂ ਬਣਦਾ। ਇਹ ਭੂੰਡੀ ਹੋਰ ਕਿਸੇ ਫ਼ਸਲ ਨੂੰ ਨੁਕਸਾਨ ਨਹੀਂ ਕਰਦੀ ਇਸ ਲਈ ਇਸ ਦੀ ਰੋਕਥਾਮ ਲਈ ਕੋਈ ਵੀ ਕੀਟਨਾਸ਼ਕ ਨਹੀ ਛਿੜਕਣਾ ਚਾਹੀਦਾ।

# ਨਰਮੇ ਦੀ ਫ਼ਸਲ 'ਤੇ ਹੁਣ ਭੂਰੀ ਜੂੰਅ ਨੇ ਕੀਤਾ ਹਮਲਾ

**★ ਡਿਪਟੀ ਡਾਇਰੈਕਟਰ ਨੇ ਖੇਤੀ ਮਾਹਿਰਾਂ ਸਮੇਤ ਨਰਮੇ ਦੀ ਫਸਲ ਦਾ ਲਿਆ ਜਾਇਜ਼ਾ ★ ਅਗਲੇ 15 ਦਿਨ ਨਰਮੇ ਦੀ ਫ਼ਸਲ ਲਈ ਬਹੁਤ ਅਹਿਮ, ਕਹਿਰ ਵਧਣ ਦਾ ਖਦਸ਼ਾ ★ ਭੂਰੀ ਜੂੰਅ ਪੌਦੇ ਦੇ ਪੱਤਿਆਂ ਦਾ ਰਸ ਚੂਸ ਕੇ ਕਰਦੀ ਹੈ ਭਾਰੀ ਨੁਕਸਾਨ, ਘਟਦਾ ਹੈ ਝਾੜ**

ਪੰਜਾਬ ਵਿੱਚ ਇਸ ਵਾਰ ਮੀਂਹ ਨਾ ਪੈਣ ਕਾਰਨ ਨਰਮੇ ਦੀ ਫ਼ਸਲ ਸ਼ੁਰੂ ਤੋਂ ਹੀ ਖਤਰੇ ਵਿੱਚ ਰਹੀ ਹੈ। ਪਹਿਲਾਂ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦੇ ਹਮਲੇ ਨੇ ਕਿਸਾਨਾਂ ਦੀ ਚਿੰਤਾ ਵਧਾਈ ਅਤੇ ਹੁਣ ਨਰਮੇ ਦੀ ਫ਼ਸਲ 'ਤੇ ਭੂਰੀ ਜੂੰਅ ਦਾ ਹਮਲਾ ਵੀ ਦੇਖਣ ਨੂੰ ਮਿਲ ਰਿਹਾ ਹੈ। ਖੇਤੀ ਮਾਹਿਰਾਂ ਨੇ ਆਉਣ ਵਾਲੇ 15 ਦਿਨਾਂ ਨੂੰ ਨਰਮੇ ਦੀ ਫ਼ਸਲ ਲਈ ਬੇਹੱਦ ਅਹਿਮ ਦੱਸਦਿਆਂ ਕਿਸਾਨਾਂ ਨੂੰ ਖੇਤਾਂ ਦੀ ਲਗਾਤਾਰ ਨਿਗਰਾਨੀ ਕਰਨ ਅਤੇ ਕਿਸੇ ਵੀ ਕੀੜੇ ਦੇ ਹਮਲੇ ਨੂੰ ਹਲਕੇ ਵਿੱਚ ਨਾ ਲੈਣ ਦੀ ਸਲਾਹ ਦਿੱਤੀ ਹੈ।




ਸੂਬੇ ਦੇ ਕਈ ਹਿੱਸਿਆਂ ਵਿੱਚ ਆਮ ਨਾਲੋਂ ਘੱਟ ਮੀਂਹ ਪਿਆ ਹੈ, ਜਿਸ ਕਾਰਨ ਮੌਸਮ ਖੁਸ਼ਕ ਬਣਿਆ ਹੋਇਆ ਹੈ। ਮਾਹਿਰਾਂ ਅਨੁਸਾਰ ਇਹ ਮੌਸਮ ਚਿੱਟੀ ਮੱਖੀ ਅਤੇ ਭੂਰੀ ਜੂੰਅ ਦੇ ਵਾਧੇ ਲਈ ਅਨੁਕੂਲ ਹੈ, ਭਾਵੇਂ ਇਸ ਸਮੇਂ ਚਿੱਟੀ ਮੱਖੀ ਦਾ ਹਮਲਾ ਕਾਬੂ ਹੇਠ ਹੈ, ਪਰ ਖੁਸ਼ਕੀ ਜਾਰੀ ਰਹਿਣ 'ਤੇ ਇਸ ਦਾ ਪ੍ਰਕੋਪ ਵੱਧ ਸਕਦਾ ਹੈ।

ਭੂਰੀ ਜੂੰਅ ਦਾ ਹਮਲਾ ਵੀ ਆਉਣ ਵਾਲੇ ਦਿਨਾਂ ਵਿੱਚ ਤੇਜ਼ੀ ਨਾਲ ਵਧਣ ਦਾ ਖਦਸ਼ਾ ਹੈ। ਜੇਕਰ ਇਸ ਸਮੇਂ ਦੌਰਾਨ ਕੀੜਿਆਂ ਦਾ ਹਮਲਾ ਵਧਦਾ ਹੈ ਤਾਂ ਇਸ ਦਾ ਸਿੱਧਾ ਅਸਰ ਫ਼ਸਲ ਦੇ ਵਾਧੇ ਅਤੇ ਪੈਦਾਵਾਰ 'ਤੇ ਪੈ ਸਕਦਾ ਹੈ।

ਭੂਰੀ ਜੂੰਅ ਨਰਮੇ ਦੇ ਪੱਤਿਆਂ ਦੇ ਹੇਠਲੇ ਹਿੱਸੇ 'ਤੇ ਹਮਲਾ ਕਰਕੇ ਰਸ ਚੂਸਦੀ ਹੈ। ਇਸ ਕਾਰਨ ਪੱਤੇ ਅੰਦਰ ਵੱਲ ਮੁੜ ਜਾਂਦੇ ਹਨ ਅਤੇ



ਪੌਦੇ ਦਾ ਵਿਕਾਸ ਪ੍ਰਭਾਵਿਤ ਹੁੰਦਾ ਹੈ। ਸਮੇਂ ਸਿਰ ਰੋਕਥਾਮ ਨਾ ਹੋਣ 'ਤੇ ਝਾੜ ਵੀ ਘੱਟ ਸਕਦਾ ਹੈ।

ਦੂਜੇ ਪਾਸੇ ਚਿੱਟੀ ਮੱਖੀ ਪੱਤਿਆਂ 'ਤੇ ਚਿਪਚਿਪਾ ਪਦਾਰਥ ਛੱਡਦੀ ਹੈ, ਜਿਸ ਨਾਲ ਕਾਲੀ ਉੱਲੀ ਦਾ ਪ੍ਰਕੋਪ ਵੱਧ ਸਕਦਾ ਹੈ। ਮਾਹਿਰਾਂ ਨੇ ਕਿਸਾਨਾਂ ਨੂੰ ਹਫਤੇ ਵਿੱਚ ਘੱਟੋ-ਘੱਟ ਦੋ ਵਾਰ ਖੇਤਾਂ ਦਾ ਨਿਰੀਖਣ ਕਰਨ ਦੀ ਸਲਾਹ ਦਿੱਤੀ ਹੈ।

### ਸਿਫਾਰਿਸ਼ੀ ਦਵਾਈ ਹੀ ਵਰਤਣ ਦੀ ਸਲਾਹ : ਏ. ਡੀ. ਓ.

ਕਿਸਾਨ ਸਰੂਪ ਸਿੰਘ ਰਾਮਾਂ ਨੇ ਕਿਹਾ ਕਿ ਮੀਂਹ ਦੀ ਕਮੀ ਕਾਰਨ ਨਰਮੇ ਦੀ ਫ਼ਸਲ ਪਹਿਲਾਂ ਹੀ ਪ੍ਰਭਾਵਿਤ ਹੈ। ਅਜਿਹੇ ਹਾਲਾਤ ਵਿੱਚ ਕੀੜਿਆਂ ਦਾ ਹਮਲਾ ਵਧਣ ਨਾਲ ਨੁਕਸਾਨ ਵੱਧ ਸਕਦਾ ਹੈ। ਏ. ਡੀ. ਓ. ਡਾ. ਬਲਜਿੰਦਰ ਸਿੰਘ ਨੇ ਕਿਹਾ ਕਿ ਕਿਸਾਨ ਕੀੜਿਆਂ ਦੀ ਪੁਸ਼ਟੀ ਪਿੱਛੋਂ ਹੀ ਸਿਫਾਰਿਸ਼ੀ ਕੀਟਨਾਸ਼ਕਾਂ ਦੀ ਵਰਤੋਂ ਕਰਨ। ਬਿਨਾਂ ਲੋੜ ਦਵਾਈਆਂ ਦੀ ਵਰਤੋਂ ਨਾਲ ਲਾਭਦਾਇਕ ਕੀੜਿਆਂ ਨੂੰ ਨੁਕਸਾਨ ਤੇ ਕੀੜਿਆਂ ਵਿੱਚ ਰੋਧਕ ਸਮਰੱਥਾ ਪੈਦਾ ਹੋ ਸਕਦੀ ਹੈ।

### ਮੀਂਹ ਨਾਲ ਕਾਬੂ ਹੇਠ ਆਇਆ ਭੂਰੀ ਜੂੰਅ ਦਾ ਹਮਲਾ

ਮੁੱਖ ਖੇਤੀਬਾੜੀ ਅਫਸਰ ਡਾ. ਹਰਪ੍ਰੀਤ ਪਾਲ ਕੌਰ ਨੇ ਕਿਹਾ ਕਿ ਪਿਛਲੇ ਦਿਨੀਂ ਪਏ ਮੀਂਹ ਨਾਲ ਭੂਰੀ ਜੂੰਅ ਦਾ ਹਮਲਾ ਕਾਫ਼ੀ ਹੱਦ ਤੱਕ ਕਾਬੂ ਹੇਠ ਆ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਅੱਗੇ ਵੀ ਚੰਗਾ ਮੀਂਹ ਪੈਂਦਾ ਹੈ ਤਾਂ ਇਹ ਨਰਮੇ ਦੀ ਫ਼ਸਲ ਲਈ ਲਾਹੇਵੰਦ ਹੋਵੇਗਾ। ਫਿਲਹਾਲ ਨਰਮੇ ਦੀ ਫ਼ਸਲ ਦੀ ਸਥਿਤੀ ਠੀਕ ਹੈ।


## ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ

# ਖੇਤੀ ਦੁਨੀਆਂ

## ਸੰਪੂਰਨ ਖੇਤੀਬਾੜੀ ਹਫਤਾਵਾਰੀ

## ਇੱਕ ਸਾਲ ਵਿੱਚ 52 ਅੰਕ

ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ

ਡਾਕ ਰਾਹੀਂ ਪ੍ਰਾਪਤ ਕਰਨ ਲਈ

ਇੱਕ ਸਾਲ 500/- ਰੁਪਏ | ਦੋ ਸਾਲ 800/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575


# ਪੰਜਾਬ ਵਿੱਚ ਕਾਸ਼ਤ ਲਈ ਨਵਾਂ ਫਲ ਰਸਭਰੀ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਰਸਭਰੀ ਦੀਆਂ ਸਿਫ਼ਾਰਸ਼ ਕਿਸਮਾਂ ਅਤੇ ਕਾਸ਼ਤ ਦੇ ਢੰਗ ਇਸ ਪ੍ਰਕਾਰ ਹਨ :

**ਕਿਸਮਾਂ :**

**ਪੰਜਾਬ ਰਸਭਰੀ 1 :** ਇਸਦੇ ਬੂਟੇ ਦਰਮਿਆਨੇ ਆਕਾਰ ਦੇ ਅਤੇ ਇੱਕ ਮੀਟਰ ਉਚਾਈ ਦੇ ਹੁੰਦੇ ਹਨ। ਫ਼ਲ ਗੋਲਾਕਾਰ, ਸੰਤਰੀ ਰੰਗ ਦੇ ਅਤੇ ਗੋਲ ਕਾਗਜ਼ੀ ਪੱਤਿਆਂ ਨਾਲ ਢੱਕੇ ਹੁੰਦੇ ਹਨ। ਫ਼ਲਾਂ ਦਾ ਔਸਤਨ ਭਾਰ 7.5 ਗ੍ਰਾਮ, ਘੁਲਣਸ਼ੀਲ ਠੋਸ ਪਦਾਰਥ 14.2% ਅਤੇ ਤੇਜ਼ਾਬੀ ਮਾਦਾ 1.80% ਹੁੰਦਾ ਹੈ। ਇਸ ਕਿਸਮ ਦੀ ਤੁੜਾਈ ਫਰਵਰੀ ਦੇ ਦੂਜੇ ਹਫ਼ਤੇ ਤੋਂ ਅਖ਼ੀਰ ਮਾਰਚ ਤੱਕ ਹੁੰਦੀ ਹੈ। ਫ਼ਲਾਂ ਦਾ ਔਸਤਨ ਝਾੜ 0.55 ਕਿਲੋ ਪ੍ਰਤੀ ਬੂਟਾ (48.9 ਕੁ/ਏਕੜ) ਹੈ।

**ਪੰਜਾਬ ਰਸਭਰੀ 2 :** ਇਸਦੇ ਬੂਟੇ ਦਰਮਿਆਨੇ ਆਕਾਰ ਦੇ ਅਤੇ ਇੱਕ ਮੀਟਰ ਉਚਾਈ ਦੇ ਹੁੰਦੇ ਹਨ। ਫ਼ਲ ਲੰਬੂਤਰੇ, ਸੰਤਰੀ ਪੀਲੇ ਰੰਗ ਦੇ ਅਤੇ ਲੰਬੇ ਕਾਗਜ਼ੀ ਪੱਤਿਆਂ ਨਾਲ ਢੱਕੇ ਹੁੰਦੇ ਹਨ। ਫ਼ਲਾਂ ਦਾ ਔਸਤਨ ਭਾਰ 8.1 ਗ੍ਰਾਮ, ਘੁਲਣਸ਼ੀਲ ਠੋਸ ਪਦਾਰਥ 14.0% ਅਤੇ ਤੇਜ਼ਾਬੀ ਮਾਦਾ 1.82% ਹੁੰਦਾ ਹੈ। ਇਸ ਕਿਸਮ ਦੀ ਤੁੜਾਈ ਅਖੀਰ ਫ਼ਰਵਰੀ ਤੋਂ ਅਪ੍ਰੈਲ ਦੇ ਪਹਿਲੇ ਹਫ਼ਤੇ ਤੱਕ ਹੁੰਦੀ ਹੈ। ਫ਼ਲਾਂ ਦਾ ਔਸਤਨ ਝਾੜ 0.54 ਕਿਲੋ ਪ੍ਰਤੀ ਬੂਟਾ (48.0 ਕੁ/ਏਕੜ) ਹੈ।

**ਕਾਸ਼ਤ ਦੇ ਢੰਗ :** ਰਸਭਰੀ ਦੇ ਪੌਦੇ ਬੀਜ ਤੋਂ ਪੈਦਾ ਕੀਤੇ ਜਾਂਦੇ ਹਨ। ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 10 ਗ੍ਰਾਮ ਬੀਜ ਕਾਫ਼ੀ ਹੈ। ਬੀਜਾਂ ਨੂੰ ਜੁਲਾਈ ਦੇ ਤੀਜੇ ਹਫ਼ਤੇ ਦੌਰਾਨ ਬੈੱਡਾਂ ਜਾਂ ਗਮਲਿਆਂ ਜਾਂ ਲਿਫਾਫਿਆਂ ਵਿੱਚ ਬੀਜਣਾ ਚਾਹੀਦਾ ਹੈ। ਬੀਜਾਈ ਤੋਂ 40 ਦਿਨਾਂ ਬਾਅਦ, ਲਗਭਗ ਸਤੰਬਰ ਦੇ ਪਹਿਲੇ ਹਫ਼ਤੇ ਦੌਰਾਨ ਪਨੀਰੀ ਪੁੱਟ ਕੇ ਖੇਤ ਵਿੱਚ ਲਾ ਦਿਉ। ਰਸਭਰੀ ਦੇ ਬੂਟੇ ਸਤੰਬਰ ਮਹੀਨੇ ਫ਼ਲ ਵਿਗਿਆਨ ਵਿਭਾਗ ਤੋਂ ਵੀ ਖਰੀਦੇ ਜਾ ਸਕਦੇ ਹਨ। ਪਨੀਰੀ ਖੇਤ ਵਿੱਚ ਲਗਾਉਣ ਸਮੇਂ ਕਤਾਰਾਂ ਵਿਚਕਾਰ ਫ਼ਾਸਲਾ 75 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫ਼ਾਸਲਾ 60 ਸੈਂਟੀਮੀਟਰ ਰੱਖਣਾ ਚਾਹੀਦਾ ਹੈ। ਝੋਨੇ ਦੀ ਪਰਾਲੀ ਖੇਤ ਵਿੱਚ ਮਲਚਿੰਗ ਦੇ ਤੌਰ ਤੇ ਵਿਛਾ ਦਿਉ। ਇਹ ਪੌਦਿਆਂ ਨੂੰ ਤਾਪਮਾਨ ਦੇ ਉਤਰਾ ਚੜਾਅ ਤੋਂ ਬਚਾਉਂਦੀ ਹੈ, ਨਦੀਨਾਂ ਦੀ ਰੋਕਥਾਮ ਕਰਦੀ ਹੈ ਅਤੇ ਜ਼ਮੀਨ ਵਿੱਚ ਨਮੀਂ ਸੰਭਾਲਦੀ ਹੈ। ਪੌਦਿਆਂ ਨੂੰ ਸਿੱਧੇ ਵਧਣ ਵਿੱਚ ਮਦਦ ਕਰਨ ਲਈ ਲਵਾਈ ਤੋਂ 45 ਦਿਨਾਂ ਬਾਅਦ ਉਨ੍ਹਾਂ ਨੂੰ ਸੋਟੀ ਨਾਲ ਸਹਾਰਾ ਦਿਉ। ਪੂਰਾ ਝਾੜ ਲੈਣ ਲਈ, ਪੰਜ ਟਨ ਗਲੀ ਸੜੀ ਰੂੜੀ, 75 ਕਿਲੋ ਯੂਰੀਆ, 155 ਕਿਲੋ ਸੁਪਰ ਫਾਸਫੇਟ ਅਤੇ 45 ਕਿਲੋ ਮਿਊਰੇਟ



ਆਫ਼ ਪੋਟਾਸ਼ ਪ੍ਰਤੀ ਏਕੜ ਬੂਟੇ ਲਾਉਣ ਤੋਂ ਪਹਿਲਾਂ ਪਾਉਣ ਦੀ ਲੋੜ ਹੈ। ਬਾਕੀ 90 ਕਿਲੋ ਯੂਰੀਆ ਲਵਾਈ ਤੋਂ 45 ਅਤੇ 90 ਦਿਨਾਂ ਬਾਅਦ ਦੋ ਕਿਸ਼ਤਾਂ ਵਿੱਚ ਪਾ ਦਿਉ। ਪਹਿਲਾ ਪਾਣੀ ਪਨੀਰੀ ਖੇਤ ਵਿੱਚ ਲਾਉਣ ਤੋਂ ਤੁਰੰਤ ਬਾਅਦ ਲਾਓ। ਮਿੱਟੀ ਦੀ ਕਿਸਮ ਅਤੇ ਮੌਜੂਦਾ ਮੌਸਮੀ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਤੰਬਰ ਤੋਂ ਨਵੰਬਰ ਦੌਰਾਨ 15 ਦਿਨਾਂ ਦੇ ਅੰਤਰਾਲ 'ਤੇ ਸਿੰਚਾਈ ਦਿੱਤੀ ਜਾ ਸਕਦੀ ਹੈ। ਫ਼ਲਾਂ ਦੇ ਵਾਧੇ ਸਮੇਂ ਦੌਰਾਨ 5 ਤੋਂ 7 ਦਿਨਾਂ ਦੇ ਅੰਤਰਾਲ 'ਤੇ ਸਿੰਚਾਈ ਕਰਨ ਦੀ ਲੋੜ ਹੁੰਦੀ ਹੈ। ਰਸਭਰੀ ਦੇ ਫਲਾਂ ਦੀ ਤੁੜਾਈ ਅਖੀਰ ਫ਼ਰਵਰੀ ਤੋਂ ਅੱਧ ਅਪ੍ਰੈਲ ਤੱਕ ਕੀਤੀ ਜਾ ਸਕਦੀ ਹੈ। ਜਦੋਂ ਫ਼ਲਾਂ ਦੇ ਕੈਲਿਕਸ (ਕਾਗਜ਼ੀ ਭਾਗ) ਦਾ ਰੰਗ ਹਰੇ ਤੋਂ ਸੁਨਹਿਰੀ ਭੂਰਾ ਹੋ ਜਾਂਦਾ ਹੈ ਅਤੇ ਫਲਾਂ ਦਾ ਰੰਗ ਹਰੇ ਤੋਂ ਸੰਤਰੀ ਵਿੱਚ ਬਦਲ ਜਾਂਦਾ ਹੈ ਉਦੋਂ ਫਲ ਤੁੜਾਈ ਲਈ ਤਿਆਰ ਹੁੰਦੇ ਹਨ। ਪੂਰੀ ਤਰ੍ਹਾਂ ਸੰਤਰੀ (ਪੱਕੇ) ਫਲਾਂ ਨੂੰ 500 ਗ੍ਰਾਮ ਪਲਾਸਟਿਕ ਦੀਆਂ ਡੱਬੀਆਂ ਵਿੱਚ ਪਾਉਣ ਤੋਂ ਬਾਅਦ ਸੀ.ਐਫ. ਡੱਬਿਆਂ ਵਿੱਚ ਪੈਕ ਕਰਕੇ ਮੰਡੀਕਰਨ ਕਰਨਾ ਚਾਹੀਦਾ ਹੈ।

**ਗਗਨਦੀਪ ਕੌਰ ਅਤੇ ਮੋਨਿਕਾ ਗੁਪਤਾ, ਫ਼ਲ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ** (ਮੋਬਾਇਲ 98720-71306)